HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 15.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8

## 24 ਘੰਟਿਆਂ 'ਚ 12 ਲੱਖ ਬੂਟੇ ਲਾ ਕੇ ਇੰਦੌਰ ਨੇ ਰਚਿਆ ਇਤਿਹਾਸ,



ਮੱਧ ਪ੍ਰਦੇਸ਼ ਦੇ ਇੰਦੌਰ ਨੇ 24 ਘੰਟਿਆਂ ਦੇ ਅੰਦਰ 12 ਲੱਖ ਤੋਂ ਵੱਧ ਬੂਟੇ ਲਗਾ ਕੇ ਗਿਨੀਜ਼ ਵਰਲਡ ਰਿਕਾਰਡ ਕਾਇਮ ਕੀਤਾ ਹੈ। ਇਹ ਪ੍ਰਾਪਤੀ ਨਾ ਸਿਰਫ਼ ਦੇਸ਼ ਦੇ ਸਭ ਤੋਂ ਸਾਫ਼ ਸ਼ਹਿਰ ਵਜੋਂ ਇੰਦੌਰ ਦੀ ਸਾਖ ਨੂੰ ਮਜ਼ਬੂਤ ਕਰਦੀ ਹੈ, ਸਗੋਂ ਵਾਤਾਵਰਣ ਦੀ ਸਥਿਰਤਾ ਲਈ ਮਹੱਤਵਪੂਰਨ ਵਚਨਬੱਧਤਾ ਨੂੰ ਵੀ ਦਰਸਾਉਂਦੀ ਹੈ। ਇਸ ਗਿਨੀਜ਼ ਵਰਲਡ ਰਿਕਾਰਡ ਦਾ ਖਿਤਾਬ ਇਕ ਟੀਮ ਵਲੋਂ 24 ਘੰਟਿਆਂ ਵਿਚ ਲਗਾਏ ਗਏ ਸਭ ਤੋਂ ਵੱਧ ਬੂਟੇ ਸਨ। ਇੰਦੌਰ ਵਿਚ 24 ਘੰਟਿਆਂ 'ਚ 12 ਲੱਖ ਤੋਂ ਵੱਧ ਬੂਟੇ ਲਗਾਏ ਗਏ। ਇਸ ਗਿਨੀਜ਼ ਵਰਲਡ ਰਿਕਾਰਡ ਦਾ ਸਿਰਲੇਖ '24 ਘੰਟਿਆਂ ਦੇ ਅੰਦਰ ਇਕ ਟੀਮ ਵਲੋਂ ਲਗਾਏ ਗਏ ਸਭ ਤੋਂ ਵੱਧ ਬੂਟੇ' ਸੀ। ਇਸ ਰਿਕਾਰਡ ਦੀ ਸ਼ੁਰੂਆਤ 13 ਜੁਲਾਈ ਨੂੰ ਸ਼ਾਮ 7.03 ਵਜੇ ਕੀਤੀ ਗਈ ਸੀ। ਖ਼ਾਸ ਗੱਲ ਇਹ ਹੈ ਕਿ ਇੰਦੌਰ ਨੇ ਸ਼ਾਮ 5 ਵਜੇ ਪੁਰਾਣਾ ਰਿਕਾਰਡ ਤੋੜ ਦਿੱਤਾ।

ਆਸਾਮ ਨੇ 24 ਘੰਟਿਆਂ ਅੰਦਰ 9,26,000 ਬੂਟੇ ਲਾਉਣ ਦਾ ਰਿਕਾਰਡ ਬਣਾਇਆ ਸੀ। ਸ਼ਾਮ 5 ਵਜੇ ਰਿਕਾਰਡ ਟੁੱਟ ਗਿਆ ਅਤੇ ਨਵਾਂ ਰਿਕਾਰਡ ਬਣਿਆ। ਮੁੱਖ ਮੰਤਰੀ ਮੋਹਨ ਯਾਦਵ ਨੂੰ ਨਵੇਂ ਵਰਲਡ ਰਿਕਾਰਡ ਦਾ ਸਰਟੀਫ਼ਿਕੇਟ ਸੌਂਪ ਦਿੱਤਾ ਗਿਆ ਹੈ। ਇਸ ਦਰਮਿਆਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਸ਼ਹਿਰ ਨੂੰ ਅਨੋਖਾ ਵਰਲਡ ਰਿਕਾਰਡ ਬਣਾਉਣ ਲਈ ਵਧਾਈ ਦਿੱਤੀ। ਗ੍ਰਹਿ ਮੰਤਰੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਕੀਤਾ ਵਧਾਈ ਹੋਵੇ, ਇੰਦੌਰ! ਪ੍ਰਧਾਨ ਮੰਤਰੀ @narendramodiJi ਦੀ ਮੁਹਿੰਮ 'ਇਕ ਰੁੱਖ ਮਾਂ ਦੇ ਨਾਂ' ਤਹਿਤ ਇਕ ਦਿਨ ਵਿਚ 12 ਲੱਖ ਬੂਟੇ ਲਾ ਕੇ ਇੰਦੌਰ ਸ਼ਹਿਰ ਨੇ ਇਕ ਅਨੋਖਾ ਵਰਲਡ ਰਿਕਾਰਡ ਬਣਾਇਆ ਹੈ। ਉਨ੍ਹਾਂ ਨੇ ਇਕ ਅਜਿਹੀ ਮਿਸਾਲ ਕਾਇਮ ਕੀਤੀ ਹੈ, ਜਿਸ ਦਾ ਆਉਣ ਵਾਲੇ ਸਾਲਾਂ ਵਿਚ ਲੱਖਾਂ ਲੋਕ ਪਾਲਣਾ ਕਰਨਗੇ। ਇੰਦੌਰ 'ਚ ਧਰਤੀ ਮਾਂ ਮੁਸਕਰਾ ਰਹੀ ਹੈ।

ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਨੇ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਤੋਂ ਅਧਿਕਾਰਤ ਸਰਟੀਫ਼ਿਕੇਟ ਪ੍ਰਾਪਤ ਕੀਤਾ। ਮੋਹਨ ਨੇ ਕਿਹਾ ਸਾਡੇ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਤੋਂ ਪ੍ਰੇਰਿਤ ਹੋ ਕੇ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਜੀ ਦੀ ਸਨਮਾਨਯੋਗ ਮੌਜੂਦਗੀ ਨਾਲ ਮੱਧ ਪ੍ਰਦੇਸ਼ ਨੇ ਕੁਦਰਤ ਦੀ ਸੰਭਾਲ ਅਤੇ ਧਰਤੀ ਮਾਂ ਨੂੰ ਸਮਰਪਿਤ ਸੇਵਾ ਦਾ ਸ਼ਕਤੀਸ਼ਾਲੀ ਸੰਦੇਸ਼ ਦਿੰਦਿਆਂ ਇਹ ਉਪਲੱਬਧੀ ਹਾਸਲ ਕੀਤੀ ਹੈ।

## ਤੜਕੇ ਬੱਸ ਅਤੇ ਟਰੱਕ ਵਿਚਾਲੇ ਹੋਈ ਜ਼ਬਰਦਸਤ ਟੱਕਰ, 6 ਲੋਕਾਂ ਦੀ ਮੌਤ



ਗੁਜਰਾਤ 'ਚ ਆਨੰਦ ਸ਼ਹਿਰ ਨੇੜੇ ਅਹਿਮਦਾਬਾਦ-ਵਡੋਦਰਾ ਐਕਸਪ੍ਰੈੱਸਵੇਅ 'ਤੇ ਸੋਮਵਾਰ ਸਵੇਰੇ ਇਕ ਤੇਜ਼ ਰਫਤਾਰ ਟਰੱਕ ਨੇ ਸੜਕ ਕਿਨਾਰੇ ਖੜ੍ਹੀ ਬੱਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ 6 ਲੋਕਾਂ ਦੀ ਮੌਤ ਹੋ ਗਈ ਅਤੇ 6 ਤੋਂ ਵੱਧ ਲੋਕ ਜ਼ਖਮੀ ਹੋ ਗਏ। ਆਨੰਦ ਗ੍ਰਾਮੀਣ ਥਾਣੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਹਾਦਸਾ ਆਨੰਦ ਜ਼ਿਲ੍ਹੇ ਦੇ ਪਿੰਡ ਚਿਖੋਦਰਾ ਨੇੜੇ ਤੜਕੇ 4.30 ਵਜੇ ਵਾਪਰਿਆ।ਅਹਿਮਦਾਬਾਦ ਵੱਲ ਜਾ ਰਹੀ ਇਕ ਪ੍ਰਾਈਵੇਟ ਲਗਜ਼ਰੀ ਬੱਸ ਦਾ ਟਾਇਰ ਫਟ ਗਿਆ, ਜਿਸ ਕਾਰਨ ਬੱਸ ਸੜਕ ਕਿਨਾਰੇ ਖੜ੍ਹੀ ਹੋ ਗਈ। ਉਨ੍ਹਾਂ ਦੱਸਿਆ ਕਿ ਜਦੋਂ ਟਾਇਰ ਬਦਲਿਆ ਜਾ ਰਿਹਾ ਸੀ ਤਾਂ ਬੱਸ ਦੀਆਂ ਸਵਾਰੀਆਂ ਹੇਠਾਂ ਉਤਰ ਗਈਆਂ ਅਤੇ ਉਨ੍ਹਾਂ ਵਿਚੋਂ ਕੁਝ ਬੱਸ ਦੇ ਅੱਗੇ ਖੜ੍ਹੇ ਹੋ ਕੇ ਉਡੀਕ ਕਰ ਰਹੇ ਸਨ। ਅਚਾਨਕ ਤੇਜ਼ ਰਫਤਾਰ ਨਾਲ ਆ ਰਹੇ ਇਕ ਟਰੱਕ ਨੇ ਬੱਸ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਜਿਸ ਕਾਰਨ 6 ਲੋਕਾਂ ਦੀ ਮੌਤ ਹੋ ਗਈ।

ਪੁਲਸ ਅਧਿਕਾਰੀ ਨੇ ਦੱਸਿਆ ਕਿ 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਇਕ ਦੀ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕਾਂ ਵਿਚ ਬੱਸ ਦਾ ਡਰਾਈਵਰ ਵੀ ਸ਼ਾਮਲ ਹੈ। ਪੁਲਸ ਮੁਤਾਬਕ ਮਰਨ ਵਾਲਿਆਂ ਵਿਚ ਤਿੰਨ ਔਰਤਾਂ ਹਨ। ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਅਧਿਕਾਰੀ ਨੇ ਦੱਸਿਆ ਕਿ ਜ਼ਖਮੀਆਂ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ।

## 1984 ਸਿੱਖ ਕਤਲੇਆਮ: 437 ਪੀੜਤ ਪਰਿਵਾਰਾਂ ਨੂੰ ਮਿਲੇਗੀ ਸਰਕਾਰੀ ਨੌਕਰੀ




ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਆਤਮਾ ਸਿੰਘ ਲੁਬਾਣਾ ਨੇ ਦੱਸਿਆ ਕਿ ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਦੇ 437 ਪੀੜਤ ਪਰਿਵਾਰਾਂ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਮਿਲਣ ਜਾ ਰਹੀ ਹੈ, ਜਿਸ ਲਈ ਉਮਰ ਤੇ ਸਿੱਖਿਆ ਦੋਵਾਂ ਵਿਚ ਛੋਟ ਦਿੱਤੀ ਗਈ ਹੈ। ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਆਤਮਾ ਸਿੰਘ ਲੁਬਾਣਾ ਨੇ ਦੱਸਿਆ ਕਿ ਅਸੀਂ ਕਈ ਸਾਲਾਂ ਤੋਂ ਇਸ ਮਾਮਲੇ ਵਿਚ ਸੰਘਰਸ਼ ਕਰ ਰਹੇ ਹਾਂ। ਪਹਿਲਾਂ 16 ਜਨਵਰੀ 2006 ਨੂੰ ਭਾਰਤ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਹਰ ਸ਼ਹੀਦ ਪਰਿਵਾਰ ਦੇ ਲੋਕਾਂ ਨੂੰ ਨੌਕਰੀ ਦਿੱਤੀ ਜਾਵੇਗੀ। ਇਸ ਵਿਚ ਦਿੱਲੀ ਸਰਕਾਰ ਨੇ 2007 ਵਿਚ ਕੈਬਨਿਟ ਨੋਟ ਲਿਆਂਦਾ ਸੀ ਜਿਸ ਵਿਚ ਕਿਹਾ ਸੀ ਕਿ ਜਿਹੜੇ ਪਰਿਵਾਰਾਂ ਦੇ ਜੀਅ ਸ਼ਹੀਦ ਹੋਏ ਤੇ ਫੱਟੜ ਹੋਏ ਉਹਨਾਂ ਨੂੰ ਨੌਕਰੀ ਦਿੱਤੀ ਜਾਵੇਗੀ। ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਦੀ ਬਦੌਲਤ 27.11.2019 ਨੂੰ ਹਾਈ ਕੋਰਟ ਦੀ ਡਬਲ ਬੈਂਚ ਦਾ ਹੁਕਮ ਆਇਆ ਸੀ ਕਿ ਹਰੇਕ ਪਰਿਵਾਰ ਨੂੰ ਨੌਕਰੀ ਦਿੱਤੀ ਜਾਵੇ ਅਤੇ ਜੇਕਰ ਨੌਕਰੀ ਨਹੀਂ ਦੇ ਸਕਦੇ ਤਾਂ ਕਾਰਣ ਦੱਸਿਆ ਜਾਵੇ।ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 22 ਲੋਕਾਂ ਨੂੰ ਨੌਕਰੀ ਦਿੱਤੀ ਗਈ ਸੀ ਤੇ ਹੁਣ ਅਸੀਂ ਤਾਜ਼ਾ ਅਰਜ਼ੀਆਂ ਜਮ੍ਹਾਂ ਕਰਵਾਈਆਂ ਸਨ। ਹੁਣ 9.7.2024 ਨੂੰ ਜਿਹੜੀ ਅਸੀਂ ਮਿਹਨਤ ਕੀਤੀ ਹੈ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਮੌਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੇ ਵੱਡਮੁੱਲੇ ਸਹਿਯੋਗ ਸਦਕਾ ਅਤੇ ਮੈਂਬਰ ਸੁਰਜੀਤ ਸਿੰਘ, ਬਲਬੀਰ ਸਿੰਘ ਅਤੇ ਰਮਿੰਦਰ ਸਿੰਘ ਸਵੀਟਾ ਦੀ ਮਿਹਨਤ ਸਦਕਾ ਪਿਛਲੇ ਦਿਨੀਂ ਉਪ ਰਾਜਪਾਲ ਨੇ ਇਸ ਨੂੰ ਪ੍ਰਵਾਨਗੀ ਦਿੰਦਿਆਂ ਹੁਕਮ ਜਾਰੀ ਕੀਤੇ ਹਨ ਕਿ ਇਨ੍ਹਾਂ ਪਰਿਵਾਰਾਂ ਦੀ ਵੈਰੀਫਿਕੇਸ਼ਨ ਕੀਤੀ ਜਾਵੇ।ਲੁਬਾਣਾ ਨੇ ਅੱਗੇ ਦੱਸਿਆ ਕਿ ਦਿੱਲੀ ਦੇ 9 ਜ਼ਿਲ੍ਹਿਆਂ, ਜਿਨ੍ਹਾਂ ਵਿਚ ਵੈਸਟ, ਨਾਰਥ ਵੈਸਟ, ਸਾਊਥ ਵੈਸਟ, ਸੈਂਟਰਲ, ਨਾਰਥ-ਈਸਟ, ਨਾਰਥ ਵਿਚ ਸਾਰੇ ਐੱਸ. ਡੀ. ਐੱਮਜ਼ ਨੂੰ ਚਿੱਠੀ ਭੇਜੀ ਗਈ ਹੈ ਅਤੇ ਵੈਰੀਫਿਕੇਸ਼ਨ ਵਾਸਤੇ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ 1984 ਦੇ ਜਿਹੜੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੇ ਫਾਰਮ ਨਹੀਂ ਭਰੇ, ਉਹ ਸਾਡੇ ਕੋਲ ਦਿੱਲੀ ਗੁਰਦੁਆਰਾ ਕਮੇਟੀ ਦਫਤਰ ਵਿਚ ਆ ਕੇ ਜਾਂ ਫਿਰ 5 ਸ਼ਾਮਨਾਥ ਮਾਰਗ ਵਿਚ ਜਾ ਕੇ ਫਾਰਮ ਭਰ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ 19 ਜੁਲਾਈ ਨੂੰ ਸ਼ਾਮ 3.00 ਵਜੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਇਕੱਠ ਕੀਤਾ ਜਾਵੇਗਾ ਅਤੇ ਉਨ੍ਹਾਂ ਨੇ ਅਪੀਲ ਕੀਤੀ ਕਿ ਜਿਨ੍ਹਾਂ ਨੇ ਫਾਰਮ ਭਰੇ ਹਨ, ਉਹ ਪਰਿਵਾਰ ਸਣੇ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਹਰ ਲੋੜੀਂਦਾ ਕਦਮ ਚੁੱਕੇਗੀ ਤੇ ਇਨ੍ਹਾਂ ਪਰਿਵਾਰਾਂ ਨਾਲ ਹਮੇਸ਼ਾ ਵਾਂਗ ਡੱਟ ਕੇ ਖੜ੍ਹੀ ਹੋਵੇਗੀ।

## ਮਯੂਰ ਵਿਹਾਰ 'ਚ ਲੱਗੀ ਭਿਆਨਕ ਅੱਗ; ਕੈਫੇ ਸੜ ਕੇ ਹੋਇਆ ਸੁਆਹ, ਲੱਖਾਂ ਦਾ ਨੁਕਸਾਨ



ਦਿੱਲੀ ਦੇ ਮਯੂਰ ਵਿਹਾਰ ਫੇਜ-2 ਵਿਚ ਸੋਮਵਾਰ ਤੜਕੇ ਇਕ ਬਹੁ-ਮੰਜ਼ਿਲਾ ਇਮਾਰਤ 'ਚ ਭਿਆਨਕ ਅੱਗ ਲੱਗ ਗਈ। ਜਿਸ ਕਾਰਨ ਇਕ ਯੂਨੀਫਾਰਮ ਬਣਾਉਣ ਵਾਲੀ ਦੁਕਾਨ ਅਤੇ ਨੀਲਮ ਮਾਤਾ ਮੰਦਰ ਕੋਲ ਸਥਿਤ ਇਕ ਕੈਫੇ ਸੜ ਕੇ ਸੁਆਹ ਹੋ ਗਿਆ। ਅੱਗ ਲੱਗਣ ਕਾਰਨ ਨੇੜੇ ਦੀਆਂ ਦੁਕਾਨਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਲੱਖਾਂ ਦਾ ਨੁਕਸਾਨ ਹੋਇਆ। ਸਥਾਨਕ ਲੋਕਾਂ ਨੇ ਅੱਗ ਵੇਖਦੇ ਹੀ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਜਿਸ ਤੋਂ ਬਾਅਦ ਅੱਗ 'ਤੇ ਕਾਬੂ ਪਾਉਣ ਅਤੇ ਬੁਝਾਉਣ ਲਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਭੇਜੀਆਂ ਗਿਆ। ਗਨੀਮਤ ਇਹ ਰਹੀ ਕਿ ਅੱਗ ਕਾਰਨ ਕਿਸੇ ਦੇ ਝੁਲਸ ਜਾਂ ਮਾਰੇ ਜਾਣ ਦੀ ਕੋਈ ਖ਼ਬਰ ਨਹੀਂ ਹੈ। ਦਿੱਲੀ ਫਾਇਰ ਸਰਵਿਸ ਦੇ ਡਿਪਟੀ ਚੀਫ਼ ਫਾਇਰ ਅਫ਼ਸਰ ਐਸ.ਕੇ. ਦੁਆ ਨੇ ਦੱਸਿਆ ਕਿ ਬੀਤੀ ਰਾਤ 11:40 ਵਜੇ ਦਿੱਲੀ ਫਾਇਰ ਸਰਵਿਸ ਨੂੰ ਕੈਫ਼ੇ ਵਿਚ ਅੱਗ ਲੱਗਣ ਦੀ ਸੂਚਨਾ ਮਿਲੀ। ਜਦੋਂ ਤੱਕ ਫਾਇਰ ਟੈਂਡਰ ਮੌਕੇ 'ਤੇ ਪਹੁੰਚੇ ਉਦੋਂ ਤੱਕ ਅੱਗ ਇਮਾਰਤ ਦੀਆਂ ਤਿੰਨੋਂ ਮੰਜ਼ਿਲਾਂ 'ਚ ਫੈਲ ਚੁੱਕੀ ਸੀ। ਇੱਥੇ 25 ਫਾਇਰ ਬ੍ਰਿਗੇਡ ਗੱਡੀਆਂ ਕੰਮ 'ਤੇ ਲੱਗੀਆਂ। ਅਜੇ ਤੱਕ ਕਿਸੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਅੱਗ ਲੱਗਣ ਨਾਲ ਸਾਡਾ ਇਕ ਫਾਇਰ ਫਾਈਟਰ ਜ਼ਖਮੀ ਹੋ ਗਿਆ ਅਤੇ ਅਸੀਂ ਉਸ ਨੂੰ ਹਸਪਤਾਲ ਭੇਜ ਦਿੱਤਾ ਹੈ। ਸਹੀ ਹਵਾਦਾਰੀ ਨਾ ਹੋਣ ਕਾਰਨ ਅੱਗ ਫੈਲ ਗਈ। ਅੱਗ ਨਾਲ 25-30 ਦੁਕਾਨਾਂ ਪ੍ਰਭਾਵਿਤ ਹੋਈਆਂ ਹਨ, ਜਿਸ 'ਤੇ ਕਾਬੂ ਪਾ ਲਿਆ ਗਿਆ ਹੈ।

# ਹੁੰਮਸ ਭਰੀ ਗਰਮੀ ਨੇ ਫਿਰ ਕੱਢੇ ਪੰਜਾਬੀਆਂ ਦੇ ਵੱਟ, ਮੀਂਹ ਨੂੰ ਲੈ ਕੇ ਮੌਸਮ ਵਿਭਾਗ ਦੀ ਆਈ ਵੱਡੀ Update



ਪੰਜਾਬ 'ਚ ਬੀਤੇ ਦਿਨੀਂ ਪਏ ਮੀਂਹ ਕਾਰਨ ਜਿੱਥੇ ਗਰਮੀ ਤੋਂ ਥੋੜ੍ਹੀ ਰਾਹਤ ਮਿਲੀ ਸੀ, ਉੱਥੇ ਹੀ ਹੁਣ ਇਕ ਵਾਰ ਫਿਰ ਹੁੰਮਸ ਭਰਿਆ ਮੌਸਮ ਹੋ ਗਿਆ ਹੈ, ਜਿਸ ਨੇ ਹਰ ਕਿਸੇ ਨੂੰ ਪਰੇਸ਼ਾਨ ਕਰ ਦਿੱਤਾ ਹੈ। ਇਸ ਕਾਰਨ ਇਕ ਵਾਰ ਫਿਰ ਪੰਜਾਬ 'ਚ ਗਰਮੀ ਦਾ ਕਹਿਰ ਦੇਖਣ ਨੂੰ ਮਿਲ ਰਿਹਾ ਹੈ ਅਤੇ ਤਾਪਮਾਨ 'ਚ 1.6 ਡਿਗਰੀ ਦਾ ਵਾਧਾ ਹੋ ਚੁੱਕਿਆ ਹੈ। ਬੀਤੇ ਦਿਨੀਂ ਮਾਨਸੂਨ ਆਉਣ ਕਾਰਨ ਮੌਸਮ 'ਚ ਕਾਫ਼ੀ ਫ਼ਰਕ ਦੇਖਣ ਨੂੰ ਮਿਲਿਆ ਸੀ ਪਰ ਹੁਣ ਮਾਨਸੂਨ ਦੀ ਰਫ਼ਤਾਰ ਮੱਠੀ ਪੈਣ ਕਾਰਨ ਲੋਕ ਗਰਮੀ ਝੱਲਣ ਲਈ ਮਜਬੂਰ ਹਨ। ਮੌਸਮ ਵਿਭਾਗ ਵਲੋਂ ਜੋ ਜਾਣਕਾਰੀ ਸਾਹਮਣੇ ਆਈ ਹੈ, ਉਸ ਮੁਤਾਬਕ ਆਉਣ ਵਾਲੇ ਸੋਮਵਾਰ ਅਤੇ ਮੰਗਲਵਾਰ ਨੂੰ ਜ਼ਿਆਦਾਤਰ ਇਲਾਕਿਆਂ 'ਚ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ।ਇਸ ਦੇ ਨਾਲ ਹੀ 17 ਜੁਲਾਈ ਨੂੰ ਪੰਜਾਬ ਦੇ ਕਈ ਇਲਾਕਿਆਂ 'ਚ ਮੀਂਹ ਪੈ ਸਕਦਾ ਹੈ। ਇਸ ਸਮੇਂ ਤੱਕ ਪੰਜਾਬ ਦੇ ਲੋਕਾਂ ਨੂੰ ਇਸੇ ਤਰ੍ਹਾਂ ਗਰਮੀ ਦਾ ਸਾਹਮਣਾ ਕਰਨਾ ਪਵੇਗਾ। ਮੌਸਮ ਵਿਭਾਗ ਮੁਤਾਬਕ ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਕਪੂਰਥਲਾ, ਹੁਸ਼ਿਆਰਪੁਰ, ਜਲੰਧਰ ਅਤੇ ਨਵਾਂਸ਼ਹਿਰ 'ਚ ਮੀਂਹ ਦੇ ਆਸਾਰ ਦੱਸੇ ਜਾ ਰਹੇ ਹਨ। ਇਨ੍ਹਾਂ ਦਿਨਾਂ ਦੌਰਾਨ ਪੰਜਾਬ 'ਚ ਪਾਰਾ 40 ਡਿਗਰੀ ਤੋਂ ਪਾਰ ਪੁੱਜਣ ਦੀ ਸੰਭਾਵਨਾ ਹੈ।

# ਸ੍ਰੀ ਦਰਬਾਰ ਸਾਹਿਬ 'ਚ 2 ਨਵੇਂ ਗ੍ਰੰਥੀ ਸਿੰਘਾਂ ਦੀ ਹੋਈ ਨਿਯੁਕਤੀ, ਪੰਜ ਸਿੰਘ ਸਾਹਿਬਾਨਾਂ ਨੇ ਭੇਂਟ ਕੀਤੀਆਂ ਦਸਤਾਰਾਂ



ਸ੍ਰੀ ਅਕਾਲ ਤਖਤ ਸਾਹਿਬ 'ਤੇ ਸਮਾਗਮ ਤੋਂ ਬਾਅਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੋ ਨਵੇਂ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਹੋਈ ਹੈ। ਗਿਆਨੀ ਕੇਵਲ ਸਿੰਘ ਅਤੇ ਗਿਆਨੀ ਪਰਵਿੰਦਰਪਾਲ ਸਿੰਘ ਨੇ ਗ੍ਰੰਥੀ ਵਜੋਂ ਅਹੁਦਾ ਸੰਭਾਲ ਲਿਆ ਹੈ। ਪੰਜ ਸਿੰਘ ਸਾਹਿਬਾਨਾਂ ਨੇ ਦੋਹਾਂ ਗ੍ਰੰਥੀ ਸਿੰਘਾਂ ਨੂੰ ਦਸਤਾਰਾਂ ਭੇਂਟ ਕੀਤੀਆਂ। ਸਮਾਗਮ 'ਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਨਿਹੰਗ ਸਿੰਘ ਜਥੇਬੰਦੀਆਂ, ਸੰਪਰਦਾਵਾਂ ਅਤੇ ਸਭਾ ਸੁਸਾਇਟੀਆਂ ਸ਼ਾਮਿਲ ਹੋਈਆਂ। ਸ਼੍ਰੋਮਣੀ ਕਮੇਟੀ ਦੀ 5 ਜੁਲਾਈ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਦੋ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੰਘ ਸਾਹਿਬਾਨ ਦੀ ਲੋੜ ਪੂਰੀ ਕਰਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੰਜ ਪਿਆਰਿਆਂ ਵਿਚ ਸੇਵਾ ਨਿਭਾਅ ਰਹੇ ਗਿਆਨੀ ਕੇਵਲ ਸਿੰਘ ਅਤੇ ਬਟਾਲਾ ਵਾਸੀ ਕਥਾਵਾਚਕ ਗਿਆਨੀ ਪਰਵਿੰਦਰਪਾਲ ਸਿੰਘ ਨੂੰ ਗ੍ਰੰਥੀ ਵਜੋਂ ਨਿਯੁਕਤ ਕੀਤਾ ਸੀ।ਇਸ ਸਬੰਧ ਵਿਚ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਅਤੇ ਸਿੰਘ ਸਾਹਿਬਾਨ ਵੱਲੋਂ ਵੱਖ-ਵੱਖ ਉਮੀਦਵਾਰਾਂ ਦਾ 1 ਜੁਲਾਈ ਨੂੰ ਟੈਸਟ ਲਿਆ ਸੀ, ਜਿਨ੍ਹਾਂ ਵਿੱਚੋਂ ਕੀਤੀ ਗਈ ਸਿਫਾਰਸ਼ ਅਨੁਸਾਰ ਦੋ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ। ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੁਰਾਤਨ ਮਰਿਆਦਾ ਅਨੁਸਾਰ ਦਸਤਾਰ ਬੰਦੀ ਤੇ ਸੇਵਾ ਸੰਭਾਲ ਦਾ ਸਮਾਗਮ ਕੀਤਾ ਗਿਆ।



# ਪੰਜਾਬ ਪੁਲਸ ਵੱਲੋਂ ਅੰਤਰਰਾਜੀ ਹਥਿਆਰ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ਼,

ਖੁਫੀਆ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਪੰਜਾਬ ਪੁਲਸ ਨੇ ਇੱਕ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ ਗੌਰਵ ਯਾਦਵ ਨੇ ਆਪਣੇ ਐਕਸ ਅਕਾਊਂਟ 'ਤੇ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਖੁਫੀਆ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਪੰਜਾਬ ਪੁਲਸ ਨੇ ਇੱਕ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ਼ ਕਰਦੇ ਹੋਏ ਵਿਦੇਸ਼ੀ ਅੱਤਵਾਦੀ ਲਖਬੀਰ ਉਰਫ ਲੰਡਾ ਦੇ ਦੋ ਸੰਚਾਲਕਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਮੈਗਜ਼ੀਨਾਂ ਅਤੇ ਗੋਲਾ ਬਾਰੂਦ ਸਮੇਤ ਛੇ ਆਧੁਨਿਕ ਪਿਸਤੌਲ ਬਰਾਮਦ ਕੀਤੇ। ਉਨ੍ਹਾਂ ਅੱਗੇ ਦੱਸਿਆ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (SSOC)ਅੰਮ੍ਰਿਤਸਰ 'ਚ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਬਾਕੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਮੱਧ ਪ੍ਰਦੇਸ਼ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਨੂੰ ਖ਼ਤਮ ਕਰਨ ਲਈ ਅੱਗਲੇ ਅਤੇ ਪਿੱਛਲੇ ਲਿੰਕ ਸਥਾਪਤ ਕਰਨ ਲਈ ਜਾਂਚ ਜਾਰੀ ਹੈ। ਸੰਗਠਿਤ ਅਪਰਾਧ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ 'ਚ ਸ਼ਾਮਲ ਸਾਰੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਪੰਜਾਬ ਪੁਸਲ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ 100% ਵਚਨਬੱਧ ਹੈ।

# ਹਸਪਤਾਲ ਦੇ ਪਾਰਕ 'ਚੋਂ ਮਿਲੀ ਬਜ਼ੁਰਗ ਦੀ ਲਾਸ਼



ਸਥਾਨਕ ਸਿਵਲ ਹਸਪਤਾਲ ਦੀ ਕੰਟੀਨ ਨੇੜਿਓਂ ਇਕ ਬਜ਼ੁਰਗ ਵਿਅਕਤੀ ਦੀ ਸ਼ੱਕੀ ਹਾਲਾਤ 'ਚ ਲਾਸ਼ ਬਰਾਮਦ ਕੀਤੀ ਗਈ ਹੈ। ਮ੍ਰਿਤਕ ਵਿਅਕਤੀ ਨੇ ਸਾਧੂ ਦੀ ਪੋਸ਼ਾਕ ਪਾਈ ਹੋਈ ਸੀ। ਬੀਤੀ ਬਾਅਦ ਦੁਪਹਿਰ ਉਸ ਦੀ ਪਛਾਣ ਹੋਣ ਉਪਰੰਤ ਪੁਲਸ ਨੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ ਅਤੇ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ। ਜਾਣਕਾਰੀ ਅਨੁਸਾਰ ਬੀਤੀ ਸਵੇਰੇ ਹਸਪਤਾਲ ਦੇ ਸਟਾਫ਼ ਨੇ ਕੰਟੀਨ ਨੇੜੇ ਪਾਰਕ 'ਚ ਇਕ ਬਜ਼ੁਰਗ ਵਿਅਕਤੀ (60 ਦੇ ਕਰੀਬ) ਦੀ ਲਾਸ਼ ਪਈ ਦੇਖੀ ਤਾਂ ਇਸ ਦੀ ਸੂਚਨਾ ਨਰ ਸੇਵਾ ਨਾਰਾਇਣ ਸੇਵਾ ਸੰਮਤੀ ਦੇ ਮੈਂਬਰਾਂ ਅਤੇ ਪੁਲਸ ਨੂੰ ਦਿੱਤੀ ਗਈ।

# ਧੜੱਲੇ ਨਾਲ ਸਕੂਲਾਂ ਨੇੜੇ ਵਿਕ ਰਹੇ ਐਨਰਜੀ ਡਰਿੰਕਸ ਨਾਲ ਬੱਚੇ ਹੋ ਰਹੇ ਬੀਮਾਰੀਆਂ ਦੇ ਸ਼ਿਕਾਰ



ਜ਼ਿਲ੍ਹੇ 'ਚ ਐਨਰਜੀ ਦੇ ਨਾਮ ਉਪਰ ਵਿਕ ਰਹੇ ਪੀਣ ਵਾਲੇ ਪਦਾਰਥਾਂ ਦੀ ਵਿਕਰੀ ਜਿੱਥੇ ਦਿਨ ਬਾਅਦ ਦਿਨ ਸਟੇਟਸ ਸਿੰਬਲ ਬਣਦੀ ਜਾ ਰਹੀ ਹੈ ਉਥੇ ਹੀ ਇਸ ਪਦਾਰਥ ਦੀ ਵਰਤੋਂ ਕਰਨ ਨਾਲ ਜਿੱਥੇ ਲੋਕਾਂ ਦੀਆਂ ਕਿਡਨੀਆਂ ਉਪਰ ਮਾੜਾ ਅਸਰ ਪੈ ਰਿਹਾ ਹੈ ਉਥੇ ਹੀ ਲੋਕ ਦਿਲ, ਸ਼ੂਗਰ ਟਾਇਪ-2, ਡੀਹਾਈਡ੍ਰੇਸ਼ਨ ਰੋਗਾਂ ਦੇ ਵੀ ਸ਼ਿਕਾਰ ਹੁੰਦੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਬਾਹਰ ਅਤੇ ਸਕੂਲਾਂ ਦੇ ਅੰਦਰ ਮੌਜੂਦ ਦੁਕਾਨਾਂ ਉਪਰ ਧੜੱਲੇ ਨਾ ਵਿਕ ਰਹੀਆਂ ਐਨਰਜੀ ਡਰਿੰਕਸ ਨਾਲ ਨੌਜਵਾਨ ਪੀੜ੍ਹੀ ਖਤਰੇ ਵੱਲ ਵੱਧਦੀ ਵੇਖੀ ਜਾ ਸਕਦੀ ਹੈ, ਜਿਸ ਨੂੰ ਸਮੇਂ ਸਿਰ ਰੋਕਣਾ ਸਿਹਤ ਵਿਭਾਗ ਅਤੇ ਪ੍ਰਸ਼ਾਸਨ ਲਈ ਇਕ ਵੱਡੀ ਚੁਨੌਤੀ ਸਾਬਿਤ ਹੋਵੇਗੀ।

ਜਾਣਕਾਰੀ ਦੇ ਅਨੁਸਾਰ ਸੰਨ੍ਹ 1987 ਦੌਰਾਨ ਯੂਰੋਪ 'ਚ ਪਹਿਲੀ ਵਾਰ ਐਨਰਜੀ ਡਰਿੰਕ ਹੋਂਦ 'ਚ ਆਈ, ਜਿਸਦੀ ਵਰਤੋਂ ਦਿਨ ਬ ਦਿਨ ਵਧਦੀ ਗਈ ਅਤੇ ਅੱਜ ਕੱਲ ਇਸਦੀ ਵਰਤੋਂ ਇਨੀ ਜ਼ਿਆਦਾ ਵੱਧ ਚੁੱਕੀ ਹੈ ਕਿ ਅਲਕੋਹਲ ਦੀ ਵਰਤੋਂ ਨਾ ਕਰਨ ਵਾਲੇ ਵਿਅਕਤੀ ਅੱਜ ਕੱਲ ਐਨਰਜੀ ਡਰਿੰਕ ਨੂੰ ਧੜੱਲੇ ਨਾਲ ਪਹਿਲ ਦਿੰਦੇ ਨਜ਼ਰ ਆ ਰਹੇ ਹਨ।

ਗਰਭਵਤੀ ਔਰਤਾਂ ਲਈ ਵੀ ਨੁਕਸਾਨ ਦਾਇਕ ਹੈ ਐਨਰਜੀ ਡਰਿੰਕ

ਔਰਤ ਰੋਗਾਂ ਦੇ ਮਾਹਿਰ (ਐੱਮ.ਐੱਸ. ਗਾਇਨੀ) ਡਾਕਟਰ ਅਤੇ ਮਿੱਤਲ ਹਸਪਤਾਲ ਦੇ ਮਾਲਕ ਡਾਕਟਰ ਸੁਪਰਨਾ ਮਿੱਤਲ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜ਼ਿਆਦਾਤਰ 500 ਐੱਮ.ਐੱਲ. ਐਨਰਜੀ ਡਰਿੰਕ 'ਚ 200 ਗ੍ਰਾਮ ਕੈਫੀਨ ਮੌਜੂਦ ਹੁੰਦੀ ਹੈ ਜੋ 550 ਗ੍ਰਾਮ ਤੱਕ ਵਧਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਗਰਭਵਤੀ ਔਰਤਾਂ ਵੱਲੋਂ ਕੈਫੀਨ ਨਾਲ ਤਿਆਰ ਕੀਤੀ ਗਈ ਐਨਰਜੀ ਡਰਿੰਕ ਦੀ ਜ਼ਿਆਦਾ ਵਰਤੋਂ ਕਰਨ ਨਾਲ ਗਰਭ ਵਿਚ ਪਲ ਰਹੇ ਬੱਚੇ ਨੂੰ ਨੁਕਸਾਨ ਹੋ ਸਕਦਾ ਹੈ।ਉਨ੍ਹਾਂ ਦੱਸਿਆ ਕਿ ਐਨਰਜੀ ਡਰਿੰਕ ਦੇ ਪ੍ਰਤੀ ਅੱਧਾ ਲੀਟਰ 'ਚ 220 ਕੈਲੋਰੀਜ਼ ਹੁੰਦੀਆਂ ਹਨ, ਜਿਸਦੇ ਚੱਲਦਿਆਂ ਖੰਡ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਮਰੀਜ਼ ਟਾਈਪ-2 ਡਾਇਬਿਟੀਜ ਬੀਮਾਰੀ ਦਾ ਸ਼ਿਕਾਰ ਹੋ ਸਕਦਾ ਹੈ। ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਐਨਰਜੀ ਡਰਿੰਕ ਦੀ ਵਰਤੋਂ ਕਰਨ ਤੋਂ ਦੂਰ ਰਹਿੰਦੇ ਹੋਏ ਹਮੇਸ਼ਾ ਚੰਗੀ ਖੁਰਾਕ ਦੀ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ।

ਇਸ ਸਬੰਧੀ ਗੱਲਬਾਤ ਕਰਦੇ ਹੋਏ ਬੱਚਿਆਂ ਰੋਗਾਂ ਦੇ ਮਾਹਿਰ ਡਾਕਟਰ ਸੁਪ੍ਰਿਆ ਰੰਧਾਵਾ ਨੇ ਦੱਸਿਆ ਕਿ ਐਨਰਜੀ ਡਰਿੰਕ 'ਚ ਕੈਫੀਨ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਬੱਚਿਆਂ ਦੇ ਸਰੀਰਕ ਵਿਕਾਸ 'ਚ ਰੁਕਾਵਟ ਪੈਣੀ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਐਨਰਜੀ ਡਰਿੰਕ ਦੀ ਵਰਤੋਂ ਬੱਚਿਆਂ ਵੱਲੋਂ ਕਰਨ ਨਾਲ ਦਿਮਾਗੀ ਵਿਕਾਸ ਵਿਚ ਵੀ ਰੁਕਾਵਟ ਪੈਦਾ ਹੋਣ ਲੱਗ ਜਾਂਦੀ ਹੈ ਅਤੇ ਬੱਚੇ ਦਿਮਾਗੀ ਤੌਰ ਉਪਰ ਭੁੱਲਣਾ ਸ਼ੁਰੂ ਕਰ ਦਿੰਦੇ ਹਨ।

ਸੀਨੀਅਰ ਸੈਕੰਡਰੀ ਸਕੂਲ ਤਰਨਤਾਰਨ ਵਿਖੇ ਆਪਣੀ ਕਲੀਨਿਕ ਵਿਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਐਨਰਜੀ ਡਰਿੰਕ ਦੀ ਲੋੜ ਤੋਂ ਵੱਧ ਵਰਤੋਂ ਕਰਨ ਨਾਲ ਇਨਸਾਨ ਚਿੰਤਾ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਨੂੰ ਬਾਰ-ਬਾਰ ਐਨਰਜੀ ਡਰਿੰਕ ਦੀ ਵਰਤੋਂ ਕਰਨ ਸਬੰਧੀ ਬੇਚੈਨੀ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਲੋਕ ਐਨਰਜੀ ਡਰਿੰਕ ਦੀ ਵਰਤੋਂ ਸਰੀਰ ਨੂੰ ਚੁਸਤ ਫੁਸਤ ਕਰਨ ਲਈ ਕਰਦੇ ਹਨ ਪਰ ਇਸਦੀ ਲੋੜ ਤੋਂ ਵੱਧ ਵਰਤੋਂ ਨੁਕਸਾਨ ਦਾ ਕਾਰਨ ਬਣ ਜਾਂਦਾ ਹੈ।

# ਜਲਦ ਹੀ ਪਹਿਲੇ ਬੱਚੇ ਨੂੰ ਜਨਮ ਦੇਵੇਗੀ ਰਿਚਾ, ਹੋਣ ਵਾਲੇ ਬੇਬੀ ਲਈ ਲਿਖੀ ਦਿਲ ਛੂਹ ਲੈਣ ਵਾਲੀ ਪੋਸਟ



ਅਦਾਕਾਰਾ ਰਿਚਾ ਚੱਢਾ ਗਰਭ ਅਵਸਥਾ ਦੇ ਆਖਰੀ ਪੜਾਅ ਦਾ ਆਨੰਦ ਲੈ ਰਹੀ ਹੈ। ਉਹ ਜਲਦੀ ਹੀ ਪਤੀ ਫਰਹਾਨ ਅਖਤਰ ਦੇ ਪਹਿਲੇ ਬੱਚੇ ਨੂੰ ਜਨਮ ਦੇਵੇਗੀ। ਅਜਿਹੇ 'ਚ ਅਦਾਕਾਰਾ ਵੀ ਮਾਂ ਬਣਨ ਨੂੰ ਲੈ ਕੇ ਕਾਫੀ ਉਤਸ਼ਾਹਿਤ ਹੈ। ਹਾਲ ਹੀ 'ਚ ਸੋਸ਼ਲ ਮੀਡੀਆ 'ਤੇ ਆਪਣੀਆਂ ਕੁਝ ਤਸਵੀਰਾਂ ਸ਼ੇਅਰ ਕਰਕੇ ਉਨ੍ਹਾਂ ਨੇ ਆਉਣ ਵਾਲੇ ਬੱਚੇ ਲਈ ਇਕ ਖਾਸ ਪੋਸਟ ਲਿਖੀ ਹੈ, ਜੋ ਬੇਹੱਦ ਵਾਇਰਲ ਹੋ ਰਹੀ ਹੈ। ਰਿਚਾ ਚੱਢਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਦੋ ਤਸਵੀਰਾਂ ਸ਼ੇਅਰ ਕਰਦੇ ਹੋਏ ਕੈਪਸ਼ਨ 'ਚ ਲਿਖਿਆ- ''ਬੇਚੈਨੀ ਇਕੱਲੇਪਨ ਦੀ ਹੈ, ਪਰ ਅਜਿਹਾ ਇਸ ਲਈ ਹੈ, ਕਿਉਂਕਿ ਮੈਂ ਇਕੱਲੀ ਨਹੀਂ ਹਾਂ।'' ਮੇਰੇ ਕੋਲ ਲਗਾਤਾਰ ਅਜਿਹੀਆਂ ਚੀਜ਼ਾਂ ਹਨ ਜੋ ਮੈਨੂੰ ਯਾਦ ਦਿਵਾਉਂਦੀਆਂ ਹਨ, ਜਿਵੇਂ ਕਿ ਇੱਕ ਛੋਟੀ ਜਿਹੀ ਹਲਚੱਲ, ਇੱਕ ਗੋਡਾ, ਇੱਕ ਅਚਾਨਕ ਲੱਤ, ਅਜਿਹਾ ਅਹਿਸਾਸ ਕਿ ਕੋਈ ਸੁਣ ਰਿਹਾ ਹੈ... ਇੱਕ ਕਲੀ ਦੇ ਖਿੜਨ ਦੀ ਉਡੀਕ। ਆਜਾ ਯਾਰ।''ਸ਼ੇਅਰ ਕੀਤੀਆਂ ਗਈਆਂ ਤਸਵੀਰਾਂ 'ਚ ਦੇਖਿਆ ਜਾ ਸਕਦਾ ਹੈ ਕਿ ਇਕ ਤਸਵੀਰ 'ਚ ਮਾਂ ਬਣਨ ਵਾਲੀ ਰਿਚਾ ਫੁੱਲ ਨਾਲ ਲੇਟੀ ਹੋਈ ਪੋਜ਼ ਦੇ ਰਹੀ ਹੈ ਅਤੇ ਦੂਜੀ 'ਚ ਆਪਣੀਆਂ ਨਸ਼ੀਲੀਆਂ ਅੱਖਾਂ ਅਤੇ ਵਾਲਾਂ ਨਾਲ ਪ੍ਰਸ਼ੰਸਕਾਂ ਨੂੰ ਆਕਰਸ਼ਿਤ ਕਰ ਰਹੀ ਹੈ। ਪ੍ਰਸ਼ੰਸਕ ਅਦਾਕਾਰਾ ਦੀ ਇਸ ਪੋਸਟ ਨੂੰ ਕਾਫੀ ਪਸੰਦ ਕਰ ਰਹੇ ਹਨ ਅਤੇ ਕਮੈਂਟ ਕਰਕੇ ਆਪਣੀ ਪ੍ਰਤੀਕਿਰਿਆ ਵੀ ਦੇ ਰਹੇ ਹਨ।ਤੁਹਾਨੂੰ ਦੱਸ ਦੇਈਏ ਕਿ ਪ੍ਰੈਗਨੈਂਸੀ ਦੇ ਆਖਰੀ ਪੜਾਅ ਦਾ ਆਨੰਦ ਮਾਣ ਰਹੀ ਰਿਚਾ ਚੱਢਾ ਨੇ ਕੁਝ ਦਿਨ ਪਹਿਲਾਂ ਹੀ ਇੱਕ ਫਿਲਮ ਸਾਈਨ ਕੀਤੀ ਸੀ। ਖਬਰਾਂ ਹਨ ਕਿ ਅਭਿਨੇਤਰੀ ਮਾਂ ਬਣਨ ਦੇ ਕੁਝ ਸਮੇਂ ਬਾਅਦ ਹੀ ਕੰਮ 'ਤੇ ਵਾਪਸੀ ਕਰੇਗੀ।

# ਅੰਮ੍ਰਿਤ ਮਾਨ ਨੂੰ ਆਈ ਮਾਂ ਦੀ ਯਾਦ, ਸ਼ੇਅਰ ਕੀਤੀ ਭਾਵੁਕ ਪੋਸਟ



ਹਰੇਕ ਗੀਤ 'ਚ ਮਹਾਰਾਜਿਆਂ ਵਰਗਾ ਰੁਤਬਾ ਰੱਖਣ ਵਾਲੇ ਪੰਜਾਬੀ ਗਾਇਕ ਤੇ ਉੱਘੇ ਅਦਾਕਾਰ ਅੰਮ੍ਰਿਤ ਮਾਨ ਨੂੰ ਅੱਜ ਕਿਸੇ ਪਛਾਣ ਦੀ ਲੋੜ ਨਹੀਂ ਹੈ।ਅਦਾਕਾਰ ਗਾਇਕ, ਗੀਤਕਾਰ ਵਜੋਂ ਪੰਜਾਬੀ ਇੰਡਸਟਰੀ 'ਚ ਜਾਣੇ ਜਾਂਦੇ ਹਨ। ਅੰਮ੍ਰਿਤ ਮਾਨ ਦਾ ਅਸਲ ਨਾਂ ਅੰਮ੍ਰਿਤਪਾਲ ਸਿੰਘ ਮਾਨ ਹੈ।ਕਲਾਕਾਰ ਅਕਸਰ ਆਪਣੇ ਸੋਸ਼ਲ ਮੀਡੀਆ ਹੈਂਡਲ ਰਾਹੀਂ ਪ੍ਰਸ਼ੰਸਕਾਂ ਵਿਚਾਲੇ ਐਕਟਿਵ ਨਜ਼ਰ ਆਉਂਦਾ ਹੈ। ਇਸ ਵਿਚਾਵੇ ਅੰਮ੍ਰਿਤ ਮਾਨ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਪਰ ਇੱਕ ਭਾਵੁਕ ਕਰ ਦੇਣ ਵਾਲੀ ਪੋਸਟ ਸ਼ੇਅਰ ਕੀਤੀ ਹੈ।ਦਰਅਸਲ, ਕਲਾਕਾਰ ਦੀ ਇਹ ਪੋਸਟ ਉਨ੍ਹਾਂ ਦੀ ਮਾਂ ਦੇ ਨਾਂਅ ਹੈ। ਉਨ੍ਹਾਂ ਆਪਣੀ ਮਾਂ ਨੂੰ ਯਾਦ ਕਰਦਿਆਂ ਭਾਵੁਕ ਕਰ ਦੇਣ ਵਾਲੀਆਂ ਗੱਲਾਂ ਕਹੀਆਂ ਹਨ।ਅੰਮ੍ਰਿਤ ਮਾਨ ਨੇ ਆਪਣੀ ਮਾਂ ਦੀ ਤਸਵੀਰ ਸ਼ੇਅਰ ਕਰਦੇ ਹੋਏ ਕੈਪਸ਼ਨ ਵਿੱਚ ਲਿਖਿਆ, ਰੱਬਾਂ ਮਾਵਾਂ ਨਾ ਖੋਹੀ, ਮਿਸ ਯੂ ਮਾਏ ਮੇਰੀਏ। ਕਲਾਕਾਰ ਦੀ ਇਸ ਪੋਸਟ ਉੱਪਰ ਪ੍ਰਸ਼ੰਸਕ ਵੀ ਕੁਮੈਂਟ ਕਰ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ।ਦੱਸ ਦਈਏ ਕਿ ਅੰਮ੍ਰਿਤ ਮਾਨ ਨੇ ਸਾਲ 2015 'ਚ ਰਿਲੀਜ਼ ਹੋਏ ਗੀਤ 'ਦੇਸੀ ਦਾ ਡਰੱਮ' ਨਾਲ ਸੰਗੀਤ ਜਗਤ 'ਚ ਸ਼ੋਹਰਤ ਖੱਟੀ। ਇਸ ਤੋਂ ਬਾਅਦ ਉਨ੍ਹਾਂ ਦੇ ਗੀਤ 'ਮੁੱਛ ਤੇ ਮਸ਼ੂਕ', 'ਕਾਲੀ ਕਮੋਰੋ', 'ਪੈੱਗ ਦੀ ਵਾਸ਼ਨਾ', 'ਗੁਰਿਲਾ ਵਾਰ', 'ਸ਼ਿਕਾਰ,'ਟਰੈਡਿੰਗ ਨੱਖਰਾ', 'ਪਰੀਆਂ ਤੋਂ ਸੋਹਣੀ', 'ਬਲੱਡ 'ਚ ਤੂੰ' ਤੇ 'ਕੋਲਰਬੋਨ' ਵਰਗੇ ਗੀਤਾਂ ਨਾਲ ਦਰਸ਼ਕਾਂ ਦੇ ਦਿਲਾਂ ਨੂੰ ਕੀਲਿਆ।ਅੰਮ੍ਰਿਤ ਮਾਨ ਇਨ੍ਹਾਂ ਤੋਂ ਇਲਾਵਾ 'ਜੱਟ ਫੱਟੇ ਚੱਕ', 'ਬੰਬ ਜੱਟ', 'ਬੰਬੀਹਾ ਬੋਲੇ', 'ਅਸੀਂ ਓਹ ਹੁੰਨੇ ਆ', 'ਬਾਪੂ' ਤੇ 'ਮਾਂ' ਗੀਤ ਨਾਲ ਵੀ ਖੂਬ ਸੁਰਖ਼ੀਆਂ ਬਟੌਰ ਚੁੱਕੇ ਹਨ।

# ਦਿਲਜੀਤ ਦੁਸਾਂਝ ਨੇ ਜਿੱਤਿਆ ਕੈਨੇਡਾ ਦੇ ਪੀਐੱਮ ਜਸਟਿਨ ਟਰੂਡੋ ਦਾ ਦਿਲ



ਅਦਾਕਾਰ ਅਤੇ ਪੰਜਾਬੀ ਗਾਇਕ ਦਿਲਜੀਤ ਦੁਸਾਂਝ ਆਪਣੇ ਗਾਣਿਆਂ ਨਾਲ ਸਭ ਨੂੰ ਦੀਵਾਨਾ ਬਣਾ ਲੈਂਦੇ ਹਨ। ਦਿਲਜੀਤ ਦੇ ਭਾਰਤ 'ਚ ਹੀ ਨਹੀਂ ਸਗੋਂ ਵਿਦੇਸ਼ਾਂ 'ਚ ਵੀ ਪ੍ਰਸ਼ੰਸਕ ਹਨ, ਇਹੀ ਵਜ੍ਹਾ ਹੈ ਕਿ ਉਨ੍ਹਾਂ ਦੇ ਵਿਦੇਸ਼ਾਂ 'ਚ ਹੋ ਰਹੇ ਮਿਊਜ਼ਿਕ ਟੂਰ ਦਾ ਜਲਵਾ ਪ੍ਰਸ਼ੰਸਕਾਂ 'ਚ ਦੇਖਣ ਨੂੰ ਮਿਲ ਰਿਹਾ ਹੈ।ਦਿਲਜੀਤ ਦੁਸਾਂਝ ਅੱਜ-ਕੱਲ੍ਹ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿਚ ਸੰਗੀਤ ਸਮਾਰੋਹ ਲਈ ਗਏ ਹੋਏ ਹਨ। ਕੈਨੇਡਾ ਦੇ ਰੋਜਰਸ ਸੈਂਟਰ 'ਚ ਪਰਫਾਰਮ ਕਰ ਰਹੇ ਦਿਲਜੀਤ ਨੂੰ ਮਿਲਣ ਲਈ ਖ਼ੁਦ ਉਥੋਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਹੁੰਚੇ। ਦਰਅਸਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਿਲਜੀਤ ਦੇ ਕੰਸਰਟ ਵਿਚ ਸਰਪ੍ਰਾਈਜ਼ ਵਿਜਿਟ 'ਤੇ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਨੇ ਗਾਇਕ ਨਾਲ ਲਾਈਟ ਮੂਵਮੈਂਟ ਸ਼ੇਅਰ ਕੀਤੀ ਤੇ ਫੋਟੋ ਕਲਿੱਕ ਕਰਵਾਈ। ਪ੍ਰਧਾਨ ਮੰਤਰੀ ਟਰੂਡੋ ਤੇ ਦਿਲਜੀਤ ਦੁਸਾਂਝ ਦੋਵਾਂ ਨੇ ਇਸ ਮੁਲਾਕਾਤ ਦੀਆਂ ਤਸਵੀਰਾਂ ਐਕਸ 'ਤੇ ਸ਼ੇਅਰ ਕੀਤੀਆਂ ਹਨ। ਤਸਵੀਰਾਂ ਸ਼ੇਅਰ ਕਰਦਿਆਂ ਟਰੂਡੋ ਨੇ ਲਿਖਿਆ, 'ਦਿਲਜੀਤ ਦੁਸਾਂਝ ਦੇ ਸ਼ੋਅ ਤੋਂ ਪਹਿਲਾਂ ਸ਼ੁਭਕਾਮਨਾਵਾਂ ਦੇਣ ਲਈ ਰੋਜਰਸ ਸੈਂਟਰ ਪਹੁੰਚ ਗਿਆ। ਕੈਨੇਡਾ ਮਹਾਨ ਦੇਸ਼ ਹੈ, ਜਿੱਥੇ ਪੰਜਾਬ ਤੋਂ ਆਇਆ ਮੁੰਡਾ ਇਤਿਹਾਸ ਬਣਾ ਸਕਦਾ ਹੈ ਤੇ ਸਟੇਡੀਅਮ ਸੋਲਡ ਆਊਟ ਕਰ ਸਕਦਾ ਹੈ। ਵਿਭਿੰਨਤਾ ਸਿਰਫ਼ ਸਾਡੀ ਸ਼ਕਤੀ ਨਹੀਂ ਹੈ, ਇਹ ਸਾਡੀ ਸੁਪਰ ਪਾਵਰ ਹੈ।'

# ਅਨੰਤ ਅੰਬਾਨੀ ਨੇ ਸ਼ਾਹਰੁਖ ਸਣੇ ਖਾਸ ਦੋਸਤਾਂ ਨੂੰ ਗਿਫਟ ਕੀਤੀ ਲਗਜ਼ਰੀ ਘੜੀ, ਕੀਮਤ ਜਾਣ ਕੇ ਉੱਡ ਜਾਣਗੇ ਹੋਸ਼



ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦੇ ਸਭ ਤੋਂ ਛੋਟੇ ਬੇਟੇ ਅਨੰਤ ਅੰਬਾਨੀ 12 ਜੁਲਾਈ ਨੂੰ ਆਪਣੀ ਬਚਪਨ ਦੀ ਦੋਸਤ ਰਾਧਿਕਾ ਮਰਚੈਂਟ ਨਾਲ ਵਿਆਹ ਦੇ ਬੰਧਨ ਵਿੱਚ ਬੱਝ ਗਏ ਹਨ । ਰਾਧਿਕਾ ਕਾਰੋਬਾਰੀ ਵੀਰੇਨ ਮਰਚੈਂਟ ਅਤੇ ਉਸਦੀ ਪਤਨੀ ਸ਼ੈਲਾ ਵੀਰੇਨ ਮਰਚੈਂਟ ਦੀ ਬੇਟੀ ਹੈ। ਦੋਵਾਂ ਦਾ ਵਿਆਹ ਮੁੰਬਈ ਦੇ ਜੀਓ ਵਰਲਡ ਕਨਵੈਨਸ਼ਨ ਸੈਂਟਰ 'ਚ ਹੋਇਆ। ਖਬਰ ਹੈ ਕਿ ਅਨੰਤ ਅੰਬਾਨੀ ਨੇ ਆਪਣੇ ਕਰੀਬੀ ਦੋਸਤਾਂ ਨੂੰ ਕਰੋੜਾਂ ਰੁਪਏ ਦੀਆਂ ਲਗਜ਼ਰੀ ਘੜੀਆਂ ਗਿਫਟ ਕੀਤੀਆਂ ਹਨ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਇਹ ਘੜੀ ਸ਼ਾਹਰੁਖ ਖਾਨ ਦੇ ਹੱਥ 'ਚ ਵੀ ਦੇਖੀ ਗਈ ਹੈ।ਵਾਇਰਲ ਹੋ ਰਹੀਆਂ ਤਸਵੀਰਾਂ ਅਤੇ ਵੀਡੀਓਜ਼ ਮੁਤਾਬਕ ਅਨੰਤ ਅੰਬਾਨੀ ਨੇ ਆਪਣੇ ਖਾਸ ਦੋਸਤਾਂ ਨੂੰ Audemars Piguet Royal Oak Perpetual ਦੀ ਘੜੀ ਗਿਫਟ ਕੀਤੀ ਹੈ, ਜਿਸ ਦੀ ਕੀਮਤ 2 ਤੋਂ 3 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇੱਕ ਰਿਪੋਰਟ ਅਨੁਸਾਰ ਅਨੰਤ ਨੇ ਆਪਣੇ ਨਜ਼ਦੀਕੀ ਦੋਸਤਾਂ ਨੂੰ ਗਿਫਟ ਕਰਨ ਦੇ ਲਈ 25 ਪੀਸ ਦਾ ਲਿਮਿਟੇਡ ਐਡੀਸ਼ਨ ਔਡੇਮਾਰਸ ਪਿਗੇਟ ਬਣਵਾਇਆ ਹੈ।ਮੀਡੀਆ ਰਿਪੋਰਟਾਂ ਮੁਤਾਬਕ ਅਨੰਤ ਨੇ ਸ਼ਾਹਰੁਖ ਖਾਨ, ਰਣਵੀਰ ਸਿੰਘ, ਸ਼ਿਖਰ ਪਹਾੜੀਆ, ਵੀਰ ਪਹਾੜੀਆ, ਮੀਜ਼ਾਨ ਜਾਫਰੀ ਸਮੇਤ ਕੁਝ ਖਾਸ ਦੋਸਤਾਂ ਨੂੰ ਗਿਫਟ ਕੀਤੀ ਹੈ। ਇਹ ਘੜੀ 18 ਕੈਰੇਟ ਰੋਜ਼ ਗੋਲਡ ਰਾਇਲ ਓਕ ਪਰਪੇਚੁਅਲ ਕੈਲੰਡਰ ਦੀ ਹੈ, ਜਿਸਦਾ ਨਾਮ ਲਿਊਮਿਨਰੀ ਐਡੀਸ਼ਨ ਹੈ, ਜਿਸ ਵਿੱਚ ਇੱਕ ਰੋਜ ਗੋਲਡ ਡਾਇਲ ਅਤੇ ਬਲੈਕ ਸਬ-ਡਾਇਲ ਹਨ। Audemars Piguet Royal Oak Perpetual Calendar ਘੜੀ ਵਿੱਚ 18 ਕੈਰੇਟ ਪਿੰਕ ਗੋਲਡ ਦਾ ਕੇਸ ਤੇ ਬਰੇਸਲੇਟ ਹੈ ਅਤੇ ਅੰਦਰ ਪਿੰਕ ਗੋਲਡ ਦਾ ਟੋਨ ਵਾਲਾ ਇਨਰ ਬੇਜ਼ੇਲ ਹੈ।

# ਅਨੰਤ-ਰਾਧਿਕਾ ਦਾ ਵਿਆਹ ਛੱਡ ਕੇ ਲੰਡਨ 'ਚ ਕੀਰਤਨ 'ਚ ਸ਼ਾਮਲ ਹੋਏ ਵਿਰਾਟ-ਅਨੁਸ਼ਕਾ



ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਦੀਆਂ ਤਸਵੀਰਾਂ ਅਤੇ ਵੀਡੀਓਜ਼ ਪੂਰੇ ਦੇਸ਼ ਵਿੱਚ ਹਨ। ਉਨ੍ਹਾਂ ਦੇ ਸਮਾਗਮ ਵਿੱਚ ਦੁਨੀਆ ਭਰ ਦੀਆਂ ਮਸ਼ਹੂਰ ਹਸਤੀਆਂ ਨੇ ਸ਼ਿਰਕਤ ਕੀਤੀ। ਅਨੰਤ ਅਤੇ ਰਾਧਿਕਾ ਦੇ ਵਿਆਹ 'ਚ ਖੇਡਾਂ ਅਤੇ ਬਾਲੀਵੁੱਡ ਦੇ ਲਗਪਗ ਸਾਰੇ ਲੋਕ ਸ਼ਾਮਲ ਹੋਏ। ਪ੍ਰਿਅੰਕਾ ਚੋਪੜਾ ਅਨੰਤ ਅਤੇ ਰਾਧਿਕਾ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਲਾਸ ਏਂਜਲਸ ਤੋਂ ਮੁੰਬਈ ਆਈ ਸੀ। ਵਿਰਾਟ-ਅਨੁਸ਼ਕਾ ਨੇ ਲੰਡਨ 'ਚ ਕੀਰਤਨ 'ਚ ਲਿਆ ਹਿੱਸਾ ਅਨੁਸ਼ਕਾ ਸ਼ਰਮਾ ਫਿਲਹਾਲ ਲੰਡਨ 'ਚ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕੀਤੀ, ਜੋ ਕ੍ਰਿਸ਼ਨ ਦਾਸ ਦੀ ਹੈ। ਕ੍ਰਿਸ਼ਨ ਦਾਸ ਨੂੰ 'ਯੋਗਾ ਦੇ ਰਾਕ ਸਟਾਰ' ਵਜੋਂ ਜਾਣਿਆ ਜਾਂਦਾ ਹੈ। ਅਦਾਕਾਰਾ ਨੇ ਆਪਣੀ ਤਸਵੀਰ ਪੋਸਟ ਕਰਕੇ ਆਪਣੇ ਸੰਗੀਤ ਲਈ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਹੈ। ਸ਼ਾਹੀ ਵਿਆਹ ਤੋਂ ਬਾਅਦ ਅਨੁਸ਼ਕਾ ਅਤੇ ਵਿਰਾਟ ਨੂੰ ਕੀਰਤਨ ਦਾ ਆਨੰਦ ਲੈਂਦੇ ਦੇਖ ਪ੍ਰਸ਼ੰਸਕਾਂ ਨੇ ਉਨ੍ਹਾਂ ਦੀ ਕਾਫੀ ਤਾਰੀਫ ਕੀਤੀ ਹੈ।

# ਗਾਇਕਾ ਨਿਮਰਤ ਖਹਿਰਾ ਨੇ ਸਿੱਖ LI ਦੇ ਜਵਾਨਾਂ ਨਾਲ ਕੀਤੀ ਮੁਲਾਕਾਤ





ਪੰਜਾਬੀ ਗਾਇਕੀ ਨੂੰ ਚਾਰ-ਚੰਨ ਲਾਉਣ ਵਾਲੀ ਨਿਮਰਤ ਖਹਿਰਾ ਨੇ ਸਾਫ-ਸੁਥਰੀ ਗਾਇਕੀ ਨਾਲ ਲੋਕਾਂ ਦੇ ਦਿਲਾਂ 'ਚ ਖਾਸ ਪਛਾਣ ਬਣਾਈ। ਹਾਲ ਹੀ 'ਚ ਨਿਮਰਤ ਖਹਿਰਾ ਨੇ 6 ਸਿੱਖ LI ਦੇ ਜਵਾਨਾਂ ਨਾਲ ਮੁਲਾਕਾਤ ਕੀਤੀ। ਇਸ ਦੇ ਨਾਲ ਹੀ ਨਿਮਰਤ ਨੇ ਇਨ੍ਹਾਂ ਜਵਾਨਾਂ ਦੀ ਬਹਾਦਰੀ ਨੂੰ ਸਲਾਮ ਕੀਤਾ। ਇਸ ਦੌਰਾਨ ਦੀਆਂ ਕਈ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ 'ਚ ਤੁਸੀਂ ਨਿਮਰਤ ਨੂੰ ਜਵਾਨਾਂ ਨਾਲ ਗੱਲਾਂ ਕਰਦੇ ਦੇਖ ਸਕਦੇ ਹੋ। ਇਨ੍ਹਾਂ ਤਸਵੀਰਾਂ ਨੂੰ ਗਾਇਕਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਵੀ ਸ਼ੇਅਰ ਕੀਤਾ ਹੈ।ਨਿਮਰਤ ਖਹਿਰਾ ਦੀ ਨਿੱਜੀ ਜ਼ਿੰਦਗੀ ਦੀ ਗੱਲ ਕੀਤੀ ਜਾਵੇ ਤਾਂ ਨਿਮਰਤ ਖਹਿਰਾ ਦਾ ਜਨਮ ਗੁਰਦਾਸਪੁਰ 'ਚ 1992 'ਚ ਹੋਇਆ। ਉਨ੍ਹਾਂ ਦਾ ਪੂਰਾ ਨਾਂ ਨਿਮਰਤਪਾਲ ਕੌਰ ਖਹਿਰਾ ਹੈ। ਨਿਮਰਤ ਖਹਿਰਾ ਨੇ ਹੁਣ ਤੱਕ ਜੋ ਵੀ ਸਰੋਤਿਆਂ ਦੀ ਝੋਲੀ 'ਚ ਗੀਤ ਪਾਏ ਹਨ, ਉਨ੍ਹਾਂ 'ਚ ਉਸ ਨੇ ਸੱਭਿਆਚਾਰਕ ਗੀਤਾਂ ਦੀਆਂ ਲੜੀਆਂ ਨੂੰ ਹੀ ਪਰਾਓ ਕੇ ਪਾਇਆ ਹੈ। ਨਿਮਰਤ ਖਹਿਰਾ ਉਨ੍ਹਾਂ ਨਾਮੀ ਗਾਇਕਾਂ 'ਚ ਮਸ਼ਹੂਰ ਹੈ, ਜੋ ਸਾਫ-ਸੁਥਰੀ ਤੇ ਸੱਭਿਆਚਾਰਕ ਗਾਇਕੀ ਨਾਲ ਜਾਣੇ ਜਾਂਦੇ ਹਨ। ਸਕੂਲ ਦੀ ਪੜ੍ਹਾਈ ਤੋਂ ਬਾਅਦ ਨਿਮਰਤ ਖਹਿਰਾ ਨੇ ਬੀ. ਏ. ਦੀ ਪੜ੍ਹਾਈ ਐੱਚ. ਐੱਮ. ਵੀ. ਕਾਲਜ ਤੋਂ ਪੂਰੀ ਕੀਤੀ। ਉਨ੍ਹਾਂ ਦਾ ਪਹਿਲਾ ਗੀਤ 'ਰੱਬ ਕਰਕੇ' ਨਿਸ਼ਾਂਤ ਭੁੱਲਰ ਨਾਲ ਆਇਆ ਸੀ। ਦੂਜਾ ਗੀਤ 'ਐੱਸ. ਪੀ. ਦੇ ਰੈਂਕ' ਵੀ ਹਿੱਟ ਗੀਤ ਸੀ, ਜਿਸ ਨੂੰ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲਿਆ ਸੀ।

# ਟਰੰਪ ਦੇ ਗੋਲੀ ਲੱਗਣ ਦੀਆਂ ਤਸਵੀਰਾਂ ਵਾਇਰਲ, ਆਨਲਾਈਨ ਧੜੱਲੇ ਨਾਲ ਵਿਕ ਰਹੀਆਂ ਇਹ ਚੀਜ਼ਾਂ




ਬੀਤੇਂ ਦਿਨ ਅਮਰੀਕਾ ਵਿਚ ਆਪਣੇ ਚੋਣ ਪ੍ਰਚਾਰ ਦੌਰਾਨ ਟਰੰਪ ਨੂੰ ਗੋਲੀ ਮਾਰ ਦਿੱਤੀ ਗਈ ਸੀ ਅਤੇ ਇਸ ਘਟਨਾ ਦੌਰਾਨ ਉਨ੍ਹਾਂ ਦੇ ਸੱਜੇ ਕੰਨ 'ਤੇ ਜ਼ਖਮ ਹੋ ਗਿਆ ਸੀ। ਘਟਨਾ ਦੀਆਂ ਤਸਵੀਰਾਂ ਵਾਇਰਲ ਹੋਣ ਦੇ ਕੁਝ ਸਮੇਂ ਬਾਅਦ ਹੀ ਚੀਨ ਦੀਆਂ ਫੈਕਟਰੀਆਂ ਨੇ ਤਸਵੀਰ ਵਾਲੀਆਂ ਟੀ-ਸ਼ਰਟਾਂ ਛਾਪ ਦਿੱਤੀਆਂ ਅਤੇ ਉਨ੍ਹਾਂ ਨੂੰ ਆਨਲਾਈਨ ਵੇਚਣਾ ਵੀ ਸ਼ੁਰੂ ਕਰ ਦਿੱਤਾ ਹੈ।
ਜ਼ਿਕਰਯੋਗ ਹੈ ਕਿ ਅਮਰੀਕੀ ਚੋਣਾਂ 'ਚ ਵਰਤਿਆ ਜਾਣ ਵਾਲਾ ਕਈ ਤਰ੍ਹਾਂ ਦਾ ਸਾਮਾਨ ਚੀਨ 'ਚ ਤਿਆਰ ਕੀਤਾ ਜਾਂਦਾ ਹੈ। ਹੁਣ ਅਮਰੀਕਾ 'ਚ ਟਰੰਪ ਦੇ ਸਮਰਥਕ ਅਜਿਹੀਆਂ ਟੀ-ਸ਼ਰਟਾਂ ਦਾ ਆਰਡਰ ਦੇ ਰਹੇ ਹਨ। ਇਸ ਘਟਨਾ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਚੋਣ ਪ੍ਰਚਾਰ ਹੁਣ ਤੱਕ ਸੁਸਤ ਲੱਗ ਰਿਹਾ ਸੀ, ਪਰ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਹੀ ਚੋਣ ਦੰਗਲ ਕਾਫੀ ਗਰਮਾ ਗਿਆ ਹੈ।ਦੁਨੀਆ ਵਿੱਚ ਵਾਪਰਨ ਵਾਲੀ ਕਿਸੇ ਵੀ ਘਟਨਾ ਤੋਂ ਚੀਨ ਨੂੰ ਕਾਰੋਬਾਰ ਦਾ ਮੌਕਾ ਮਿਲਦਾ ਹੈ। ਅਮਰੀਕਾ 'ਚ ਬੀਤੇਂ ਦਿਨ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗੋਲੀਬਾਰੀ ਦੇ ਕੁਝ ਘੰਟਿਆਂ ਦੇ ਅੰਦਰ ਹੀ ਚੀਨ 'ਚ ਟਰੰਪ ਦੀ ਤਸਵੀਰ ਵਾਲੀਆਂ ਟੀ-ਸ਼ਰਟਾਂ ਦੀ ਵਿਕਰੀ ਹੋ ਰਹੀ ਹੈ। ਇਸ ਦਾ ਮਤਲਬ ਇਹ ਸੀ ਕਿ ਜਿਵੇਂ ਹੀ ਟਰੰਪ ਦੀਆਂ ਖੂਨ ਨਿਕਲਣ ਦੀਆਂ ਤਸਵੀਰਾਂ ਮੀਡੀਆ 'ਤੇ ਆਈਆਂ ਤਾਂ ਇਲ ਦੇ ਤੁਰੰਤ ਬਾਅਦ ਟੀ-ਸ਼ਰਟਾਂ ਚੀਨ ਵਿੱਚ ਛਾਪੀਆਂ ਗਈਆਂ ਅਤੇ ਸਟੋਰਾਂ ਵਿੱਚ ਵੀ ਵੇਚੀਆਂ ਵੀ ਜਾਣ ਲੱਗੀਆਂ ਹਨ।
ਜ਼ਿਕਰਯੋਗੈ ਹੈ ਕਿ ਬੀਤੇ ਦਿਨ ਅਮਰੀਕਾ ਦੇ ਸੂਬੇ ਪੈਨਸਿਲਵੇਨੀਆ ਵਿੱਚ ਇਕ ਚੋਣ ਰੈਲੀ ਵਿੱਚ ਹਿੱਸਾ ਲੈ ਰਹੇ ਟਰੰਪ ਨੂੰ ਗੋਲੀ ਮਾਰੀ ਗਈ ਸੀ। ਗੋਲੀ ਟਰੰਪ ਦੇ ਸੱਜੇ ਕੰਨ ਨੂੰ ਜ਼ਖਮੀ ਕਰਦੀ ਹੋਈ ਲੰਘ ਗਈ ਸੀ ਜਿਸ ਕਾਰਨ ਉਸ ਦੇ ਕੰਨ 'ਚੋਂ ਖ਼ੂਨ ਵਹਿ ਨਿਕਲਿਆ। ਹੁਣ ਟਰੰਪ ਦੇ ਕੰਨਾਂ 'ਚੋਂ ਖ਼ੂਨ ਨਿਕਲਣ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ।ਟਰੰਪ ਨੂੰ ਗੋਲੀ ਮਾਰਨ ਤੋਂ ਦੋ ਘੰਟੇ ਹੀ ਬਾਅਦ, ਚੀਨੀ ਪ੍ਰਚੂਨ ਵਿਕਰੇਤਾ ਟਰੰਪ ਨੂੰ ਗੋਲੀ ਮਾਰਨ ਦੇ ਸਮੇਂ ਦੀ ਤਸਵੀਰ ਵਾਲੀਆਂ ਟੀ-ਸ਼ਰਟਾਂ ਆਨਲਾਈਨ ਵੇਚ ਰਹੇ ਸਨ।ਇਸ ਟੀ-ਸ਼ਰਟ ਨੂੰ ਤਾਓਬਾਓ ਵੈੱਬਸਾਈਟ 'ਤੇ ਵਿਕਰੀ ਲਈ ਰੱਖਿਆ ਗਿਆ ਹੈ। ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਟੀ-ਸ਼ਰਟਾਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ। ਡਿਜੀਟਲ ਪ੍ਰਿੰਟਿੰਗ ਤਕਨਾਲੋਜੀ ਦੇ ਕਾਰਨ, ਉਹ ਗਾਹਕਾਂ ਨੂੰ ਟੀ-ਸ਼ਰਟ ਦਾ ਡਿਜ਼ਾਈਨ ਤੇਜ਼ੀ ਨਾਲ ਦਿਖਾ ਰਹੇ ਹਨ ਅਤੇ ਪ੍ਰਿੰਟਿੰਗ ਵੀ ਕਰ ਰਹੇ ਹਨ। ਅਜਿਹੀਆਂ ਟੀ-ਸ਼ਰਟਾਂ ਕੁਝ ਦਿਨਾਂ ਲਈ ਮੰਗ ਵਿੱਚ ਹਨ, ਪਰ ਬਹੁਤ ਜਲਦੀ ਵਿਕ ਵੀ ਜਾਂਦੀਆਂ ਹਨ।
ਚੀਨ ਦੇ ਗੇਂਗੋਨ ਵਿੱਚ ਸਥਿਤ ਇੱਕ ਕੰਪਨੀ Xinflying ਡਿਜੀਟਲ ਪ੍ਰਿੰਟਿੰਗ ਪ੍ਰੋਡਕਸ਼ਨ ਨੇ ਕਿਹਾ ਕਿ ਡਿਜੀਟਲ ਪ੍ਰਿੰਟਿੰਗ ਮਸ਼ੀਨ ਹਰ ਘੰਟੇ ਵਿੱਚ ਅੱਠ ਚੋਣਾਂ ਨਾਲ ਸਬੰਧਤ ਟੀ-ਸ਼ਰਟਾਂ ਨੂੰ ਛਾਪ ਸਕਦੀ ਹੈ। ਤਾਜ਼ਾ ਅੰਕੜਿਆਂ ਦੇ ਅਨੁਸਾਰ, ਅਮਰੀਕਾ ਵਿੱਚ ਵਰਤੀ ਜਾਣ ਵਾਲੀ ਜ਼ਿਆਦਾਤਰ ਮੁਹਿੰਮ ਸਮੱਗਰੀ ਚੀਨ ਵਿੱਚ ਤਿਆਰ ਕੀਤੀ ਜਾਂਦੀ ਹੈ। ਟੀ-ਸ਼ਰਟ ਫੈਕਟਰੀਆਂ ਨੇ ਇੰਟਰਨੈਟ ਤੋਂ ਟਰੰਪ ਦੀਆਂ ਤਸਵੀਰਾਂ ਡਾਊਨਲੋਡ ਕਰਕੇ ਅਤੇ ਟੀ-ਸ਼ਰਟਾਂ 'ਤੇ ਪ੍ਰਿੰਟ ਕਰਕੇ ਉਤਪਾਦਨ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਕੁਝ ਛੋਟੀਆਂ ਫੈਕਟਰੀਆਂ ਇਸ ਤਰ੍ਹਾਂ ਹਰ ਮਿੰਟ ਇੱਕ ਟੀ-ਸ਼ਰਟ ਤਿਆਰ ਕਰਦੀਆਂ ਹਨ। ਆਉਣ ਵਾਲੇ ਦਿਨਾਂ 'ਚ ਟਰੰਪ 'ਤੇ ਹੋਈ ਗੋਲੀਬਾਰੀ ਦੀਆਂ ਤਸਵੀਰਾਂ ਦੇ ਨਾਲ ਮੱਗ, ਕੀ-ਚੇਨ ਅਤੇ ਹੋਰ ਚੀਜ਼ਾਂ ਵੀ ਵਿਕਣ ਦੀ ਸੰਭਾਵਨਾ ਹੈ।

# ਪੈਨਸਿਲਵੇਨੀਆ ਰੈਲੀ 'ਚ ਹੋਏ ਹਮਲੇ ਤੋਂ ਬਾਅਦ ਮਿਲਵਾਕੀ ਜਾਣਗੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ



ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ 'ਰਿਪਬਲਿਕਨ ਨੈਸ਼ਨਲ ਕਨਵੈਨਸ਼ਨ' ਤੋਂ ਪਹਿਲਾਂ ਐਤਵਾਰ ਨੂੰ ਮਿਲਵਾਕੀ ਜਾਣਗੇ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਲਿਖਿਆ ਕਿ ਸ਼ਨੀਵਾਰ ਨੂੰ ਉਨ੍ਹਾਂ 'ਤੇ ਹੋਏ ਹਮਲੇ ਤੋਂ ਬਾਅਦ ਉਹ ਸ਼ੁਰੂ ਵਿਚ ਆਪਣੀ ਯਾਤਰਾ ਨੂੰ ਮੁਲਤਵੀ ਕਰਨ ਜਾ ਰਹੇ ਸਨ, ਪਰ ਬਾਅਦ ਵਿਚ ਫੈਸਲਾ ਕੀਤਾ ਕਿ ਉਹ ਇਕ ਹਮਲਾਵਰ ਜਾਂ ਹੱਤਿਆ ਦੀ ਕੋਸ਼ਿਸ਼ ਕਰਨ ਵਾਲੇ ਨੂੰ ਆਪਣਾ ਪ੍ਰੋਗਰਾਮ ਨਹੀਂ ਬਦਲਣ ਦੇ ਸਕਦੇ।
ਇਸ ਤੋਂ ਪਹਿਲਾਂ ਇਕ ਰੈਲੀ 'ਚ ਉਨ੍ਹਾਂ 'ਤੇ ਹੋਏ ਕਾਤਲਾਨਾ ਹਮਲੇ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਕਿਹਾ ਕਿ ਅਮਰੀਕਾ ਨੂੰ ਇਕਜੁੱਟ ਰਹਿਣਾ ਚਾਹੀਦਾ ਹੈ ਅਤੇ ਦੇਸ਼ ਦੇ ਨਾਗਰਿਕਾਂ ਨੂੰ ਅਮਰੀਕੀਆਂ ਦੇ ਰੂਪ 'ਚ ਆਪਣਾ ਅਸਲੀ ਕਿਰਦਾਰ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਮਜ਼ਬੂਤ ਅਤੇ ਦ੍ਰਿੜ੍ਹ ਰਹਿਣ ਬਾਰੇ ਵੀ ਗੱਲ ਕੀਤੀ।ਸ਼ਨੀਵਾਰ ਨੂੰ ਪੈਨਸਿਲਵੇਨੀਆ 'ਚ ਇਕ ਰੈਲੀ 'ਚ 78 ਸਾਲਾ ਟਰੰਪ ਉਸ ਸਮੇਂ ਬਚ ਨਿਕਲੇ, ਜਦੋਂ 20 ਸਾਲਾ ਹਮਲਾਵਰ ਨੇ ਉਨ੍ਹਾਂ 'ਤੇ ਕਈ ਗੋਲੀਆਂ ਚਲਾਈਆਂ। ਇਸ ਹਮਲੇ 'ਚ ਉਹ ਜ਼ਖਮੀ ਹੋ ਗਏ ਅਤੇ ਉਨ੍ਹਾਂ ਦੇ ਕੰਨ 'ਤੇ ਸੱਟ ਲੱਗ ਗਈ। ਇਸ ਗੋਲੀਬਾਰੀ ਦੀ ਘਟਨਾ ਵਿਚ ਟਰੰਪ ਦੀ ਰੈਲੀ ਵਿਚ ਮੌਜੂਦ ਇਕ ਵਿਅਕਤੀ ਦੀ ਜਾਨ ਚਲੀ ਗਈ ਅਤੇ ਦੋ ਹੋਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਸੀਕ੍ਰੇਟ ਸਰਵਿਸ ਦੇ ਜਵਾਨਾਂ ਨੇ ਹਮਲਾਵਰ ਨੂੰ ਮਾਰ ਦਿੱਤਾ।
ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਲਿਖਿਆ, "ਭਗਵਾਨ ਨੇ ਉਹ ਸਭ ਕੁਝ ਹੋਣ ਤੋਂ ਰੋਕਿਆ, ਜਿਸ ਦੇ ਬਾਰੇ ਵਿਚ ਸੋਚਿਆ ਵੀ ਨਹੀਂ ਸੀ। ਟਰੰਪ ਦੀ ਪੋਸਟ ਦੇ ਮੁਤਾਬਕ, "ਇਸ ਤਰ੍ਹਾਂ ਦੇ ਸਮੇਂ 'ਤੇ ਇਹ ਜ਼ਿਆਦਾ ਜ਼ਰੂਰੀ ਹੈ ਕਿ ਅਸੀਂ ਇਕਜੁੱਟ ਰਹੀਏ ਅਤੇ ਅਮਰੀਕੀਆਂ ਵਜੋਂ ਆਪਣਾ ਅਸਲ ਚਰਿੱਤਰ ਬਣਾਈ ਰੱਖੀਏ।''

# ਲੇਬਨਾਨ 'ਚ ਇਜ਼ਰਾਇਲੀ ਹਮਲੇ ਤੇਜ਼ ਹੋਣ ਤੋਂ ਬਾਅਦ ਵਧਿਆ ਤਣਾਅ, 1 ਦੀ ਮੌਤ, 2 ਜ਼ਖਮੀ



ਦੱਖਣੀ ਲੇਬਨਾਨ ਦੇ ਕਈ ਸਰਹੱਦੀ ਇਲਾਕਿਆਂ ਨੂੰ ਨਿਸ਼ਾਨਾ ਬਣਾ ਕੇ ਸ਼ੁੱਕਰਵਾਰ ਨੂੰ ਇਜ਼ਰਾਈਲੀ ਹਵਾਈ ਹਮਲਿਆਂ ਅਤੇ ਗੋਲਾਬਾਰੀ ਵਿੱਚ ਹਿਜ਼ਬੁੱਲਾ ਦਾ ਇੱਕ ਮੈਂਬਰ ਮਾਰਿਆ ਗਿਆ ਅਤੇ ਦੋ ਨਾਗਰਿਕ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਲੇਬਨਾਨੀ ਫੌਜੀ ਸੂਤਰਾਂ ਨੇ ਦਿੱਤੀ। ਸੂਤਰਾਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਇਜ਼ਰਾਈਲੀ ਡਰੋਨ ਅਤੇ ਲੜਾਕੂ ਜਹਾਜ਼ਾਂ ਨੇ ਛੇ ਸਰਹੱਦੀ ਕਸਬਿਆਂ ਅਤੇ ਪਿੰਡਾਂ 'ਤੇ ਅੱਠ ਹਵਾਈ ਹਮਲੇ ਕੀਤੇ, ਜਦੋਂ ਕਿ ਇਸ ਦੇ ਤੋਪਖਾਨੇ ਨੇ 14 ਹੋਰ ਕਸਬਿਆਂ ਅਤੇ ਪਿੰਡਾਂ 'ਤੇ 45 ਤੋਂ ਵੱਧ ਗੋਲੇ ਦਾਗੇ। ਸੂਤਰਾਂ ਨੇ ਦੱਸਿਆ ਕਿ ਛਾਪੇਮਾਰੀ ਨੇ ਤਾਇਬੇਹ ਪਿੰਡ ਵਿੱਚ ਇੱਕ ਘਰ ਨੂੰ ਵੀ ਨਿਸ਼ਾਨਾ ਬਣਾਇਆ, ਜਿਸ ਵਿੱਚ ਅਲੀ ਹਸਨ ਨਹਿਲਾ ਨਾਮਕ ਹਿਜ਼ਬੁੱਲਾ ਮੈਂਬਰ ਦੀ ਮੌਤ ਹੋ ਗਈ। ਸੂਤਰਾਂ ਨੇ ਦੱਸਿਆ ਕਿ ਅਲ-ਵਾਜ਼ਾਨੀ ਪਿੰਡ 'ਤੇ ਇਜ਼ਰਾਇਲੀ ਗੋਲਾਬਾਰੀ 'ਚ ਬੰਗਲਾਦੇਸ਼ੀ ਨਾਗਰਿਕਤਾ ਦਾ ਇਕ ਕਾਰਕੁਨ ਜ਼ਖਮੀ ਹੋ ਗਿਆ। ਇਜ਼ਰਾਈਲ 'ਤੇ ਹਮਾਸ ਦੇ ਹਮਲੇ ਨਾਲ ਇਕਮੁੱਠਤਾ ਵਜੋਂ ਲੇਬਨਾਨ ਦੇ ਹਥਿਆਰਬੰਦ ਸਮੂਹ ਹਿਜ਼ਬੁੱਲਾ ਨੇ ਇਜ਼ਰਾਈਲ ਵੱਲ ਰਾਕੇਟ ਦਾਗੇ ਜਾਣ ਤੋਂ ਬਾਅਦ ਲੈਬਨਾਨ-ਇਜ਼ਰਾਈਲ ਸਰਹੱਦ 'ਤੇ ਤਣਾਅ ਵਧ ਗਿਆ। ਇਜ਼ਰਾਈਲ ਨੇ ਫਿਰ ਕਾਰਵਾਈ ਕਰਦੇ ਹੋਏ ਦੱਖਣ-ਪੂਰਬੀ ਲੇਬਨਾਨ ਵੱਲ ਭਾਰੀ ਤੋਪਖਾਨੇ ਦਾਗ ਕੇ ਜਵਾਬੀ ਕਾਰਵਾਈ ਕੀਤੀ। ਹਿਜ਼ਬੁੱਲਾ ਅਤੇ ਇਜ਼ਰਾਈਲੀ ਬਲਾਂ ਵਿਚਕਾਰ ਹਿੰਸਕ ਟਕਰਾਅ ਹਾਲ ਹੀ ਵਿੱਚ ਤੇਜ਼ ਹੋ ਗਿਆ ਹੈ, ਕਿਉਂਕਿ ਇਜ਼ਰਾਈਲ ਨੇ ਲੇਬਨਾਨ 'ਤੇ ਹਮਲੇ ਲਈ ਸੰਚਾਲਨ ਯੋਜਨਾਵਾਂ ਦੀ ਪ੍ਰਵਾਨਗੀ ਦਾ ਐਲਾਨ ਕੀਤਾ ਹੈ। ਇਸ ਦੌਰਾਨ ਹਿਜ਼ਬੁੱਲਾ ਦੇ ਸਕੱਤਰ ਜਨਰਲ ਹਸਨ ਨਸਰੱਲਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਜੰਗ ਛਿੜਦੀ ਹੈ ਤਾਂ ਇਜ਼ਰਾਈਲ ਦੀ ਕੋਈ ਵੀ ਜਗ੍ਹਾ ਉਨ੍ਹਾਂ ਦੀਆਂ ਮਿਜ਼ਾਈਲਾਂ ਤੋਂ ਸੁਰੱਖਿਅਤ ਨਹੀਂ ਰਹੇਗੀ।

# ਇੰਗਲੈਂਡ 'ਚ ਪੰਜਾਬੀ ਨੌਜਵਾਨ ਨਾਲ ਵਾਪਰਿਆ ਭਾਣਾ! ਕੁਝ ਦੇਰ ਪਹਿਲਾਂ ਹੀ ਮਾਂ ਨਾਲ ਹੋਈ ਸੀ ਗੱਲ



ਸਰਹੱਦੀ ਕਸਬਾ ਕਲਾਨੌਰ ਦੇ ਨੌਜਵਾਨ ਦੀ ਇੰਗਲੈਂਡ ’ਚ ਬ੍ਰੇਨ ਅਟੈਕ ਨਾਲ ਮੌਤ ਹੋ ਗਈ ਹੈ। ਜਾਣਕਾਰੀ ਦਿੰਦਿਆਂ ਮ੍ਰਿਤਕ ਮਨਪ੍ਰੀਤ ਮੰਨੀ ਸੁੰਦਰਪੁਰੀਆ (35) ਪੁੱਤਰ ਸਵ. ਤਰਸੇਮ ਲਾਲ ਨਿਵਾਸੀ ਕਲਾਨੌਰ ਦੇ ਭਰਾ ਸੰਨੀ ਸੁੰਦਰਪੁਰੀਆ ਅਤੇ ਚਚੇਰੇ ਭਰਾ ਹੈਪੀ ਭਾਰਲ ਨੇ ਦੱਸਿਆ ਕਿ ਉਨ੍ਹਾਂ ਦਾ ਭਰਾ ਪਿਛਲੇ ਕਈ ਸਾਲਾਂ ਤੋਂ ਇੰਗਲੈਂਡ ਵਿਚ ਪੱਕੇ ਤੌਰ ’ਤੇ ਰਹਿ ਰਿਹਾ ਸੀ ਅਤੇ ਉੱਥੇ ਹੀ ਉਸ ਨੇ ਵਿਆਹ ਕਰਵਾ ਲਿਆ ਸੀ, ਉਸ ਦੇ 2 ਬੱਚੇ ਵੀ ਹਨ।ਬੀਤੀ ਰਾਤ ਮਰਹੂਮ ਮਨਪ੍ਰੀਤ ਮੰਨੀ ਨੇ ਆਪਣੀ ਮਾਤਾ ਸਾਬਕਾ ਪੰਚਾਇਤ ਮੈਂਬਰ ਪਰਮਜੀਤ ਕੌਰ ਨਾਲ ਗੱਲ ਵੀ ਕੀਤੀ ਸੀ ਅਤੇ ਉਹ ਬਿਲਕੁਲ ਤੰਦਰੁਸਤ ਸੀ। ਪ੍ਰੰਤੂ ਕੁਝ ਘੰਟਿਆਂ ਬਾਅਦ ਇੰਗਲੈਂਡ ਤੋਂ ਆਏ ਫੋਨ ਰਾਹੀਂ ਸੂਚਨਾ ਮਿਲੀ ਕਿ ਮਨਪ੍ਰੀਤ ਮੰਨੀ ਦੀ ਅਚਾਨਕ ਬ੍ਰੇਨ ਅਟੈਕ ਕਾਰਨ ਮੌਤ ਹੋ ਗਈ ਹੈ, ਜਿਸ ਨਾਲ ਸਾਨੂੰ ਬਹੁਤ ਵੱਡਾ ਸਦਮਾ ਲੱਗਾ ਹੈ।ਉਨ੍ਹਾਂ ਦੱਸਿਆ ਕਿ ਮਨਪ੍ਰੀਤ ਮੰਨੀ ਗਰੀਬ ਪਰਿਵਾਰ ਸੇਵਾ ਸੋਸਾਇਟੀ ਦਾ ਮੈਂਬਰ ਸੀ ਅਤੇ ਆਏ ਦਿਨ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਕਰਨ ਲਈ ਅੱਗੇ ਰਹਿੰਦਾ ਸੀ। ਇਸ ਦੁੱਖ ਦੀ ਘੜੀ ’ਚ ਇਲਾਕੇ ਸਮਾਜਿਕ, ਧਾਰਮਿਕ, ਰਾਜਨੀਤਕ ਵਿਅਕਤੀਆਂ ਅਤੇ ਲੋਕਾਂ ਵੱਲੋਂ ਮ੍ਰਿਤਕ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ।

# ਸੰਯੁਕਤ ਰਾਸ਼ਟਰ ਮੁਖੀ ਨੇ ਫਲਸਤੀਨ ਲਈ ਫੰਡ ਮੁਹੱਈਆ ਕਰਾਉਣ ਦੀ ਕੀਤੀ ਅਪੀਲ



ਸੰਯੁਕਤ ਰਾਸ਼ਟਰ (ਯੂਐਨ) ਦੇ ਮੁਖੀ ਐਂਟੋਨੀਓ ਗੁਟੇਰੇਸ ਨੇ ਸ਼ੁੱਕਰਵਾਰ ਨੂੰ ਗਾਜ਼ਾ ਅਤੇ ਮੱਧ ਪੂਰਬ ਦੇ ਹੋਰ ਹਿੱਸਿਆਂ ਵਿੱਚ ਫਿਲਸਤੀਨੀ ਸ਼ਰਨਾਰਥੀਆਂ ਦੀ ਮਦਦ ਕਰਨ ਵਾਲੀ ਸੰਯੁਕਤ ਰਾਸ਼ਟਰ ਏਜੰਸੀ ਲਈ ਫੰਡ ਦੇਣ ਦੀ ਅਪੀਲ ਕੀਤੀ। ਉਸਨੇ ਇਜ਼ਰਾਈਲ 'ਤੇ ਨਿਕਾਸੀ ਦੇ ਆਦੇਸ਼ ਜਾਰੀ ਕਰਨ ਦਾ ਦੋਸ਼ ਲਗਾਇਆ, ਫਲਸਤੀਨੀਆਂ ਨੂੰ ਤਬਾਹੀ ਅਤੇ ਮੌਤ ਦੇ ਦ੍ਰਿਸ਼ ਵਿੱਚ 'ਮਨੁੱਖੀ ਪਿਨਬਾਲ' ਵਾਂਗ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਮਜਬੂਰ ਕੀਤਾ। 'ਮਨੁੱਖੀ ਪਿਨਬਾਲ' ਬਣਾਉਣ ਦਾ ਮਤਲਬ ਲੋਕਾਂ ਨੂੰ ਅਚਾਨਕ ਇਕ ਥਾਂ ਤੋਂ ਦੂਜੀ ਥਾਂ ਵਸੇਬਾ ਕਰਨ ਲਈ ਮਜਬੂਰ ਕਰਨਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਗੁਟੇਰੇਸ ਨੇ ਦਾਨੀਆਂ ਦੀ ਇੱਕ ਕਾਨਫਰੰਸ ਨੂੰ ਦੱਸਿਆ ਕਿ UNRWA ਵਜੋਂ ਜਾਣੀ ਜਾਂਦੀ ਏਜੰਸੀ ਨੂੰ ਫੰਡਿੰਗ ਵਿੱਚ ਇੱਕ ਮਹੱਤਵਪੂਰਨ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਯੁਕਤ ਰਾਸ਼ਟਰ ਰਾਹਤ ਅਤੇ ਕਾਰਜ ਏਜੰਸੀ (UNRWA) ਦੇ ਕਮਿਸ਼ਨਰ ਜਨਰਲ ਫਿਲਿਪ ਲਾਜ਼ਾਰਿਨੀ ਨੇ ਕਾਨਫਰੰਸ ਦੀ ਸ਼ੁਰੂਆਤ ਵਿੱਚ ਕਿਹਾ ਸੀ ਕਿ ਏਜੰਸੀ ਕੋਲ ਅਗਸਤ ਤੱਕ ਹੀ ਕੰਮ ਕਰਨ ਲਈ ਫੰਡ ਸਨ।

# ਭਗਵਾਨ ਸ਼ਿਵ ਦੇ ਨਾਮ ਅਤੇ ਵੇਰਵੇ ਦੇ ਅਵਤਾਰ

ਕੁਦਰਤ ਜਾਂ ਹੋਂਦ ਦੇ ਨਿਯਮ ਅਤੇ ਸੰਤੁਲਨ ਨੂੰ ਕਾਇਮ ਰੱਖਣ ਲਈ, ਭਗਵਾਨ ਸ਼ਿਵ ਨੇ ਵੱਖ-ਵੱਖ ਯੁਗਾਂ ਵਿੱਚ ਕਈ ਅਵਤਾਰ ਲਏ। ਕੁਰਮ ਪੁਰਾਣ ਵਿੱਚ ਸ਼ਿਵ ਦੇ 28 ਅਵਤਾਰਾਂ ਦੀ ਗੱਲ ਕੀਤੀ ਗਈ ਹੈ ਪਰ ਸ਼ਿਵ ਪੁਰਾਣ ਵਿੱਚ ਸ਼ਿਵ ਦੇ ਹੇਠਲੇ 19 ਅਵਤਾਰਾਂ ਦਾ ਜ਼ਿਕਰ ਕੀਤਾ ਗਿਆ ਹੈ। ਆਦਿ ਸ਼ੰਕਰਾਚਾਰੀਆ ਨੇ ਕਿਹਾ, "ਹੇ ਸ਼ਿਵ, ਮੈਨੂੰ ਮਾਫ਼ ਕਰੋ! ਮੇਰੇ ਤਿੰਨ ਮਹਾਨ ਪਾਪ! ਮੈਂ ਇਹ ਭੁੱਲ ਕੇ ਕਾਸ਼ੀ ਦੀ ਯਾਤਰਾ 'ਤੇ ਆਇਆ ਹਾਂ ਕਿ ਤੁਸੀਂ ਸਰਬ-ਵਿਆਪਕ ਹੋ। ਤੇਰੇ ਬਾਰੇ ਸੋਚਦਿਆਂ ਮੈਂ ਇਹ ਭੁੱਲ ਗਿਆ ਕਿ ਤੂੰ ਸੋਚ ਤੋਂ ਪਰੇ ਹੈਂ। ਤੇਰੇ ਅੱਗੇ ਅਰਦਾਸ ਕਰਦਿਆਂ ਮੈਂ ਇਹ ਭੁੱਲ ਗਿਆ ਕਿ ਤੂੰ ਸ਼ਬਦਾਂ ਤੋਂ ਪਰ੍ਹੇ ਹੈਂ।"ਭਗਵਾਨ ਸ਼ਿਵ ਸਥਿਤੀਆਂ ਦੇ ਅਨੁਸਾਰ ਪ੍ਰਗਟ ਹੁੰਦੇ ਹਨ, ਉਹ ਅਣਗਿਣਤ ਵਾਰ ਪ੍ਰਗਟ ਹੋਏ ਹੋ ਸਕਦੇ ਹਨ ਪਰ ਸ਼ਿਵ ਦੇ ਕੁਝ ਮਹੱਤਵਪੂਰਨ ਅਵਤਾਰ ਜਾਂ ਅਵਤਾਰ ਹਨ (ਸਿੱਧੇ ਅਵਤਾਰ ਨਹੀਂ ਬਲਕਿ ਉਸਦੇ ਅੰਸ਼ਾ ਵਜੋਂ)। ਸ਼ਿਵ ਪੁਰਾਣ ਵਿੱਚ, ਸ਼ਿਵ ਦੇ ਨਿਮਨਲਿਖਤ 19 ਅਵਤਾਰਾਂ ਦਾ ਜ਼ਿਕਰ ਹੈ।



ਭਗਵਾਨ ਸ਼ਿਵ ਨੇ ਰਿਸ਼ੀ ਦਧੀਚੀ ਦੇ ਘਰ ਪਿਪਲਾਦ ਦੇ ਰੂਪ ਵਿੱਚ ਜਨਮ ਲਿਆ। ਪਰ ਰਿਸ਼ੀ ਨੇ ਸ਼ਨੀ ਦੀ ਸਥਿਤੀ ਦੇ ਕਾਰਨ ਘਰ ਛੱਡ ਦਿੱਤਾ ਹੈ. ਇਸ ਲਈ, ਪਿਪਲਾਦ ਨੇ ਸ਼ਨੀ ਨੂੰ ਸਰਾਪ ਦਿੱਤਾ ਅਤੇ ਗ੍ਰਹਿ ਨੂੰ ਆਪਣੇ ਆਕਾਸ਼ੀ ਨਿਵਾਸ ਤੋਂ ਡਿੱਗਣ ਦਾ ਕਾਰਨ ਬਣਾਇਆ। ਬਾਅਦ ਵਿੱਚ, ਉਸਨੇ ਸ਼ਨੀ ਨੂੰ ਇਸ ਸ਼ਰਤ 'ਤੇ ਮਾਫ ਕਰ ਦਿੱਤਾ ਕਿ ਗ੍ਰਹਿ 16 ਸਾਲ ਦੀ ਉਮਰ ਤੋਂ ਪਹਿਲਾਂ ਕਦੇ ਵੀ ਕਿਸੇ ਨੂੰ ਪਰੇਸ਼ਾਨ ਨਹੀਂ ਕਰੇਗਾ। ਇਸ ਲਈ, ਭਗਵਾਨ ਸ਼ਿਵ ਦੇ ਪਿਪਲਾਦ ਰੂਪ ਦੀ ਪੂਜਾ ਕਰਨ ਨਾਲ ਸ਼ਨੀ ਦੋਸ਼ ਤੋਂ ਛੁਟਕਾਰਾ ਮਿਲਦਾ ਹੈ।



ਭਗਵਾਨ ਸ਼ਿਵ ਨੂੰ ਝੁੰਡਾਂ ਦੇ ਰੱਖਿਅਕ ਵਜੋਂ ਦੇਖਿਆ ਜਾਂਦਾ ਹੈ। ਉਸਨੂੰ ਚਾਰ ਹੱਥਾਂ ਵਾਲੇ ਬਲਦ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਦੋਨਾਂ ਹੱਥਾਂ ਵਿੱਚ ਕੁਹਾੜੀ ਅਤੇ ਇੱਕ ਹਿਰਨ ਫੜਿਆ ਹੋਇਆ ਦਿਖਾਈ ਦੇ ਰਿਹਾ ਹੈ।



ਭਗਵਾਨ ਸ਼ਿਵ ਨੇ ਆਪਣੇ ਪਿਤਾ ਹਿਮਾਲਿਆ ਤੋਂ ਵਿਆਹ ਵਿੱਚ ਦੇਵੀ ਪਾਰਵਤੀ ਦਾ ਹੱਥ ਮੰਗਣ ਲਈ ਇਹ ਅਵਤਾਰ ਲਿਆ ਸੀ। ਆਪਣੇ ਪਿਤਾ ਹਿਮਾਚਲ ਤੋਂ ਪਾਰਵਤੀ ਦਾ ਹੱਥ ਮੰਗਣ ਲਈ, ਭਗਵਾਨ ਸ਼ਿਵ ਨੇ ਆਪਣੇ ਆਪ ਨੂੰ ਇੱਕ ਭਟਕਣ ਵਾਲੀ ਡਾਂਸਰ ਦੇ ਰੂਪ ਵਿੱਚ ਭੇਸ ਵਿੱਚ ਲਿਆ। ਆਪਣੇ ਹੱਥ ਵਿੱਚ ਡਮਰੂ (ਇੱਕ ਛੋਟਾ ਢੋਲ) ਫੜ ਕੇ, ਸ਼ਿਵ ਇੱਕ ਡਾਂਸਰ ਦੇ ਰੂਪ ਵਿੱਚ, ਹਿਮਾਚਲ ਦੇ ਘਰ ਪਹੁੰਚਿਆ ਅਤੇ ਨੱਚਣਾ ਸ਼ੁਰੂ ਕਰ ਦਿੱਤਾ। ਨਟਰਾਜ ਦੇ ਰੂਪ ਵਿੱਚ ਉਸਦਾ ਬ੍ਰਹਮ ਨਾਚ ਇੰਨਾ ਸੁੰਦਰ ਅਤੇ ਮਨਮੋਹਕ ਸੀ ਕਿ ਹਰ ਕੋਈ ਖੁਸ਼ ਹੋ ਗਿਆ। ਜਦੋਂ ਹਿਮਾਚਲ ਨੇ ਡਾਂਸਰ ਤੋਂ ਭੀਖ ਮੰਗੀ ਤਾਂ ਨਟਰਾਜ ਸ਼ਿਵ ਨੇ ਪਾਰਵਤੀ ਨੂੰ ਭੀਖ ਮੰਗੀ। ਇਸ ਨਾਲ ਹਿਮਾਚਲ ਰਾਜ ਨਾਰਾਜ਼ ਹੋ ਗਿਆ। ਥੋੜ੍ਹੀ ਦੇਰ ਬਾਅਦ, ਸ਼ਿਵ, ਅਜੇ ਵੀ ਆਪਣੇ ਡਾਂਸਰ ਦੇ ਭੇਸ ਵਿੱਚ, ਪਾਰਵਤੀ ਨੂੰ ਆਪਣਾ ਅਸਲੀ ਰੂਪ ਪ੍ਰਗਟ ਕਰ ਕੇ ਚਲਾ ਗਿਆ। ਉਸਦੇ ਜਾਣ ਤੋਂ ਬਾਅਦ, ਹਿਮਾਚਲ ਅਤੇ ਉਸਦੇ ਮੰਤਰੀ ਨੇ ਬ੍ਰਹਮ ਗਿਆਨ ਪ੍ਰਾਪਤ ਕੀਤਾ, ਅਤੇ ਉਹਨਾਂ ਨੇ ਸ਼ਿਵ ਨੂੰ ਪਾਰਵਤੀ ਦੇਣ ਦਾ ਫੈਸਲਾ ਕੀਤਾ।



ਵੀਰਭੱਦਰ ਦਕਸ਼ ਯੱਗ ਵਿੱਚ ਦੇਵੀ ਸਤੀ ਦੁਆਰਾ ਆਪਣੇ ਆਪ ਨੂੰ ਜਲਾਉਣ ਤੋਂ ਬਾਅਦ ਹੋਇਆ ਸੀ। ਭਗਵਾਨ ਸ਼ਿਵ ਬਹੁਤ ਕ੍ਰੋਧਿਤ ਹੋ ਗਏ। ਭਗਵਾਨ ਸ਼ਿਵ ਨੇ ਉਸ ਦੇ ਸਿਰ ਤੋਂ ਵਾਲਾਂ ਦੀ ਇੱਕ ਤੰਦ ਕੱਢੀ ਅਤੇ ਇਸ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਵਾਲਾਂ ਤੋਂ ਹੀ ਵੀਰਭੱਦਰ ਅਤੇ ਰੁਦਰਕਾਲੀ ਦਾ ਜਨਮ ਹੋਇਆ ਸੀ। ਇਸ ਭਿਆਨਕ ਅਵਤਾਰ ਨੇ ਬਲੀ ਦੇ ਭਾਂਡਿਆਂ ਨੂੰ ਤੋੜਿਆ, ਭੇਟਾਂ ਨੂੰ ਪਲੀਤ ਕੀਤਾ, ਪੁਜਾਰੀਆਂ ਦਾ ਅਪਮਾਨ ਕੀਤਾ, ਅਤੇ ਅੰਤ ਵਿੱਚ ਦਕਸ਼ ਦਾ ਸਿਰ ਵੱਢ ਦਿੱਤਾ, ਇੰਦਰ ਨੂੰ ਮਿੱਧਿਆ, ਯਮ ਦੀ ਲਾਠੀ ਤੋੜ ਦਿੱਤੀ, ਅਤੇ ਦੇਵਤਿਆਂ ਨੂੰ ਹਰ ਪਾਸੇ ਖਿੰਡਾ ਦਿੱਤਾ; ਫਿਰ ਉਹ ਕੈਲਾਸ਼ ਪਰਬਤ 'ਤੇ ਵਾਪਸ ਆ ਗਿਆ।

ਸ਼ਿਵ ਪੁਰਾਣ ਬਿਆਨ ਕਰਦਾ ਹੈ ਕਿ ਭਗਵਾਨ ਸ਼ਿਵ ਨੇ ਨਰਸਿਮ੍ਹਾ - ਵਿਸ਼ਨੂੰ ਦੇ ਭਿਆਨਕ ਮਨੁੱਖ-ਸ਼ੇਰ ਅਵਤਾਰ ਨੂੰ ਕਾਬੂ ਕਰਨ ਲਈ ਸ਼ਰਭ (ਭਾਗ ਪੰਛੀ ਭਾਗ ਸ਼ੇਰ) ਦਾ ਅਵਤਾਰ ਧਾਰਨ ਕੀਤਾ। ਇਹ ਰੂਪ ਸਰਬੇਸ਼ਵਰ (ਭਗਵਾਨ ਸਰਾਭਾ) ਜਾਂ ਸ਼ਰਭੇਸ਼ਵਰਮੂਰਤੀ ਵਜੋਂ ਪ੍ਰਸਿੱਧ ਹੈ। ਸਭ ਤੋਂ ਪਹਿਲਾਂ, ਵਿਸ਼ਨੂੰ ਨੇ ਇੱਕ ਅਸੁਰ ਰਾਜੇ ਹਿਰਣਯਕਸ਼ਿਪੂ ਨੂੰ ਮਾਰਨ ਲਈ ਨਰਸਿਮ੍ਹਾ ਦਾ ਰੂਪ ਧਾਰਨ ਕੀਤਾ, ਜੋ ਬ੍ਰਹਿਮੰਡ ਅਤੇ ਸ਼ਿਵ ਦੇ ਭਗਤ ਨੂੰ ਡਰਾ ਰਿਹਾ ਸੀ। ਸ਼ਿਵ ਪੁਰਾਣ ਵਿੱਚ ਜ਼ਿਕਰ ਹੈ: ਹਿਰਣਯਕਸ਼ਿਪੂ ਨੂੰ ਮਾਰਨ ਤੋਂ ਬਾਅਦ, ਨਰਸਿਮ੍ਹਾ ਦਾ ਕ੍ਰੋਧ ਠੰਢਾ ਨਹੀਂ ਹੋਇਆ। ਦੇਵਤਿਆਂ (ਦੇਵਤਿਆਂ) ਨੇ ਸ਼ਿਵ ਨੂੰ ਨਰਸਿਮ੍ਹਾ ਨਾਲ ਨਜਿੱਠਣ ਲਈ ਬੇਨਤੀ ਕੀਤੀ। ਸ਼ੁਰੂ ਵਿੱਚ, ਸ਼ਿਵ ਨਰਸਿਮ੍ਹਾ ਨੂੰ ਸ਼ਾਂਤ ਕਰਨ ਲਈ ਵੀਰਭੱਦਰ ਨੂੰ, ਉਸਦੇ ਇੱਕ ਭਿਆਨਕ ਰੂਪ ਵਿੱਚ ਲਿਆਉਂਦਾ ਹੈ।



ਮੱਧ ਪ੍ਰਦੇਸ਼ ਵਿੱਚ ਪਹਾੜਾਂ ਦੀ ਅਮਰਕੰਟਕ ਰੇਂਜ ਦੇ ਨੇੜੇ ਚੜ੍ਹਦੀ, ਨਰਮਦਾ ਪ੍ਰਾਇਦੀਪ ਭਾਰਤ ਵਿੱਚ ਸਭ ਤੋਂ ਵੱਡੀ ਪੱਛਮ ਵੱਲ ਵਹਿਣ ਵਾਲੀ ਨਦੀ ਹੈ। ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਰਾਜਾਂ ਨੂੰ ਇਸ ਦੇ 1,312 ਕਿਲੋਮੀਟਰ ਦੇ ਕੋਰਸ ਦੇ ਨਾਲ ਕੱਢਦੇ ਹੋਏ, ਇਹ ਨਦੀ ਆਖਰਕਾਰ ਅਰਬ ਸਾਗਰ ਵਿੱਚ ਮਿਲ ਜਾਂਦੀ ਹੈ। ਭਾਰਤ ਦੀਆਂ ਸੱਤ ਪਵਿੱਤਰ ਨਦੀਆਂ ਵਿੱਚੋਂ ਇੱਕ, ਨਰਮਦਾ ਨਦੀ ਦਾ ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥਾਂ ਵਿੱਚ ਜ਼ਿਕਰ ਮਿਲਦਾ ਹੈ।ਜਦੋਂ ਇਹ ਅਸਫਲ ਹੋ ਗਿਆ, ਤਾਂ ਸ਼ਿਵ ਮਨੁੱਖੀ ਸ਼ੇਰ-ਪੰਛੀ ਸ਼ਰਭ ਦੇ ਰੂਪ ਵਿੱਚ ਪ੍ਰਗਟ ਹੋਇਆ। ਸ਼ਰਾਭਾ ਨੇ ਫਿਰ ਨਰਸਿਮ੍ਹਾ 'ਤੇ ਹਮਲਾ ਕੀਤਾ ਅਤੇ ਉਸ ਨੂੰ ਉਦੋਂ ਤੱਕ ਫੜ ਲਿਆ ਜਦੋਂ ਤੱਕ ਉਹ ਸਥਿਰ ਨਹੀਂ ਹੋ ਗਿਆ ਸੀ। ਇਸ ਤਰ੍ਹਾਂ ਉਸਨੇ ਨਰਸਿਮ੍ਹਾ ਦੇ ਭਿਆਨਕ ਗੁੱਸੇ ਨੂੰ ਕਾਬੂ ਕਰ ਲਿਆ। ਨਰਸਿਮ੍ਹਾ ਸ਼ਰਾਭਾ ਨਾਲ ਬੰਨ੍ਹ ਕੇ ਸ਼ਿਵ ਦਾ ਭਗਤ ਬਣ ਗਿਆ। ਸ਼ਰਾਭਾ ਨੇ ਫਿਰ ਨਰਸਿਮ੍ਹਾ ਦਾ ਸਿਰ ਵੱਢ ਦਿੱਤਾ ਅਤੇ ਚਮੜੀ ਨੂੰ ਹਟਾ ਦਿੱਤਾ ਤਾਂ ਜੋ ਸ਼ਿਵ ਇੱਕ ਕੱਪੜੇ ਦੇ ਰੂਪ ਵਿੱਚ ਛੁਪਣ ਅਤੇ ਸ਼ੇਰ ਦੇ ਸਿਰ ਨੂੰ ਪਹਿਨ ਸਕੇ।



ਅਸ਼ਵਥਾਮਾ ਨੂੰ "ਵਿਸ਼ ਪੁਰਖ" ਕਿਹਾ ਜਾਂਦਾ ਹੈ ਜੋ ਸਮੁੰਦਰ ਮੰਥਨ ਦੇ ਦੌਰਾਨ ਹਲਾਲ ਲੈਣ ਤੋਂ ਬਾਅਦ ਸ਼ਿਵ ਤੋਂ ਉੱਗਿਆ ਸੀ। ਉਸਨੂੰ ਇੱਕ ਵਰਦਾਨ ਦਿੱਤਾ ਗਿਆ ਸੀ ਕਿ ਉਹ ਦਮਨਕਾਰੀ ਖੱਤਰੀ ਨੂੰ ਮਾਰਨ ਦੇ ਯੋਗ ਹੋਵੇਗਾ। ਉਹ ਭਾਰਦਵਾਜ ਦੇ ਪੋਤੇ ਵਜੋਂ ਪੈਦਾ ਹੋਏਗਾ ਅਤੇ ਬ੍ਰਾਹਮਣ ਵਜੋਂ ਪਾਲਿਆ ਜਾਵੇਗਾ ਪਰ ਖੱਤਰੀਵਾਦ ਵੱਲ ਆਕਰਸ਼ਿਤ ਹੋਵੇਗਾ। ਇਹ ਵਿਸ਼ ਪੁਰਖ ਅਸ਼ਵਥਾਮਾ ਦੇ ਰੂਪ ਵਿੱਚ ਦ੍ਰੋਣ ਅਤੇ ਕ੍ਰਿਪੀ ਦੇ ਘਰ ਪੈਦਾ ਹੋਇਆ ਸੀ।



ਭਗਵਾਨ ਸ਼ਿਵ ਨੇ ਬ੍ਰਹਿਮੰਡ ਦੇ ਅਨੁਸ਼ਾਸਨ ਨੂੰ ਕਾਇਮ ਰੱਖਣ ਲਈ ਧਰਤੀ 'ਤੇ ਦੁਰਵਾਸਾ ਦਾ ਅਵਤਾਰ ਲਿਆ ਸੀ। ਦੁਰਵਾਸਾ ਇੱਕ ਮਹਾਨ ਰਿਸ਼ੀ ਸੀ ਜੋ ਆਪਣੇ ਛੋਟੇ ਸੁਭਾਅ ਲਈ ਜਾਣਿਆ ਜਾਂਦਾ ਸੀ। ਦੁਰਵਾਸਾ ਮੁਨੀ ਦਾ ਰੰਗ ਹਰਾ-ਲਾਲ, ਲੰਮੀ ਦਾੜ੍ਹੀ ਅਤੇ ਲੰਬਾ ਕੱਦ ਸੀ; ਚੀਥੜੇ ਪਹਿਨੇ ਅਤੇ ਪਵਿੱਤਰ ਬਿਲਵਾ ਦੇ ਰੁੱਖ ਦੀ ਇੱਕ ਸੋਟੀ ਲੈ ਕੇ ਗਏ। ਉਹ ਜਿੱਥੇ ਵੀ ਜਾਂਦਾ, ਉਸ ਦੇ ਨਾਲ ਹਰ ਸਮੇਂ ਦਸ ਹਜ਼ਾਰ ਚੇਲੇ ਹੁੰਦੇ ਸਨ। ਆਪਣੀਆਂ ਯਾਤਰਾਵਾਂ ਵਿੱਚ, ਉਸਨੇ ਸਖਤ ਸੁੱਖਣਾ ਮੰਨੀ ਅਤੇ ਦੁਰਵਾ (ਡੁਬੋ) ਦੀ ਜੜੀ ਹੀ ਖਾਧੀ।

ਭਗਵਾਨ ਸ਼ਿਵ ਦਾ ਜਨਮ ਭਗਵਾਨ ਸ਼ਿਵ ਦੇ ਇੱਕ ਮਹਾਨ ਸ਼ਰਧਾਲੂ ਦੇ ਘਰ ਹੋਇਆ ਸੀ, ਸ਼ੁਚਿਸਮਤੀ ਉਸਦੀ ਸ਼ਰਧਾਲੂ ਪਤਨੀ ਸੀ ਜੋ ਸ਼ਿਵ ਵਾਂਗ ਇੱਕ ਬੱਚੇ ਨੂੰ ਜਨਮ ਦੇਣ ਲਈ ਤਰਸਦੀ ਸੀ। ਬੱਚੇ ਨੂੰ ਸਾਰੇ ਵੇਦਾਂ ਵਿੱਚ ਚੰਗੀ ਤਰ੍ਹਾਂ ਜਾਣਿਆ ਜਾਂਦਾ ਸੀ ਪਰ ਗ੍ਰਹਿ ਸਥਿਤੀਆਂ ਦੇ ਕਾਰਨ ਉਸਨੂੰ ਜਵਾਨੀ ਵਿੱਚ ਮਰਨਾ ਪਿਆ ਸੀ. ਉਸ ਦੀ ਕਾਸ਼ੀ ਦੀ ਯਾਤਰਾ ਇੰਦਰ ਦੁਆਰਾ ਗਿੱਲੀ ਹੋ ਗਈ ਸੀ ਪਰ ਭਗਵਾਨ ਸ਼ਿਵ ਉਸ ਦੇ ਬਚਾਅ ਵਿਚ ਆਏ ਅਤੇ ਭਗਵਾਨ ਸ਼ਿਵ ਨੇ ਗ੍ਰਹਿਪਤੀ ਨੂੰ ਇਹ ਕਹਿ ਕੇ ਆਸ਼ੀਰਵਾਦ ਦਿੱਤਾ ਕਿ "ਕਾਲਵਜਰਾ ਵੀ ਤੈਨੂੰ ਮਾਰ ਨਹੀਂ ਸਕੇਗਾ।" ਗ੍ਰਹਿਪਤੀ ਬਹੁਤ ਪ੍ਰਸੰਨ ਹੋਇਆ। ਜਿਸ ਸ਼ਿਵਲਿੰਗ ਦੀ ਉਸ ਨੇ ਪੂਜਾ ਕੀਤੀ, ਉਹ ਬਾਅਦ ਵਿਚ 'ਅਗਨੀਸ਼ਵਰ ਲਿੰਗ' ਵਜੋਂ ਮਸ਼ਹੂਰ ਹੋ ਗਿਆ। ਭਗਵਾਨ ਸ਼ਿਵ ਨੇ ਗ੍ਰਹਿਪਤੀ ਨੂੰ ਸਾਰੀਆਂ ਦਿਸ਼ਾਵਾਂ ਦਾ ਸੁਆਮੀ ਬਣਾਇਆ।

